

Bed Time Stories

Sri Guru Nanak Dev Ji

INDEX

Real Education

Guru Nanak was born on 20th October 1469 A.D. at Talwandi Rai Bhoi, now known as Nankana Sahib, in Sheikhupura district of Pakistan. His father, Mehta Kalu, was employed as a village official in charge of land records and revenue with Rai Bular, the ruler of that village. When Guru Nanak was seven, his father sent him to Gopal Dass, the village teacher, to learn accounts and Devnagri—one of the scripts of that time.

One day, Guru Nanak was sitting silently with a writing board in front of him. Seeing Guru Nanak sitting in this way, the teacher said, "Nanak, why are you not learning your lesson ?" Guru Nanak replied, "Respected teacher, what is the use of learning this lesson which teaches multiplication tables only ? This lesson does not tell how to be free from the shackles of this world."

The teacher said, "I have learnt only sums and measurements and have been teaching ever since. If you have knowledge of the ways to get freedom from the bonds of this world, tell me." Guru Nanak replied, "Respected teacher, writing with this pen and ink on this board is a worldly act which entangles the mind in worldly deeds. Bound by the shackles of worldly deeds, the mind is drawn towards mortal deeds. The true education helps in breaking the attachment from the bonds of this world and the mind is freed from immorality. When the mind is pure, good feeling grows in it. That true education inspires one towards the praise of the creator and sustainer of this world. By singing his praises, the mind is filled with bliss and the fear of birth and death is removed forever."

The teacher said, "Nanak, I have taught you whatever I knew. I know nothing about this true education. I cannot teach it." Guru Nanak came home and narrated the whole story to his parents. Guru Nanak was only thirteen at that time so his father started sending him to an Islamic religious teacher, Maulivi Kutabudin, to learn Persian. One day Guru Nanak asked Maulivi Kutabudin, "What are the meanings of Persian alphabet ?" No one had asked this type of question from him before, so no answer came to his mind and he said, "Nanak, you tell me what these letters stand for ?" Then Guru Nanak narrated the meanings of all the letters of Persian alphabet in words in praise of God. After hearing the meanings of the letters from Guru Nanak, Maulivi Kutabudin understood that if one considers the worldly education, it is the praise of God which can free the mind from worldly attachments.


ਸੱਚੀ ਪੜ੍ਹਾਈ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ, ਪਿੰਡ ਦੇ ਹਾਕਮ ਰਾਏ ਬੁਲਾਰ ਪਾਸ ਪਟਵਾਰੀ ਸਨ। ਗੁਰੂ ਜੀ ਜਦੋਂ ਸੱਤ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪਿੰਡ ਦੇ ਪਾਂਧੇ ਗੁਪਾਲ ਦਾਸ ਪਾਸ ਹਿਸਾਬ-ਕਿਤਾਬ ਅਤੇ ਦੇਵਨਾਗਰੀ ਸਿੱਖਣ ਲਈ ਭੇਜਣਾ ਸ਼ੁਰੂ ਕੀਤਾ।

ਇਕ ਦਿਨ ਗੁਰੂ ਜੀ ਫੱਟੀ ਅੱਗੇ ਰਖ ਕੇ ਚੁੱਪ ਕਰ ਕੇ ਬੈਠੇ ਸਨ। ਗੁਰੂ ਜੀ ਨੂੰ ਇਸ ਤਰ੍ਹਾਂ ਬੈਠੇ ਦੇਖ ਕੇ ਪਾਂਧੇ ਨੇ ਪੁੱਛਿਆ, "ਨਾਨਕ, ਤੂੰ ਆਪਣਾ ਪਾਠ ਕਿਉਂ ਨਹੀਂ ਯਾਦ ਕਰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਹ ਪਾਠ ਯਾਦ ਕਰਨ ਦਾ ਕੀ ਲਾਭ ਜਿਹੜਾ ਸਵਾਏ ਤੋਂ ਡੇਢੇ ਤੇ ਡੇਢਿਆਂ ਤੋਂ ਦੁਗਣੇ ਕਰਨ ਦੇ ਹੀ ਢੰਗ ਦੱਸਦਾ ਹੈ। ਇਹ ਪਾਠ ਇਹ ਨਹੀਂ ਦੱਸਦਾ ਕਿ ਕਿਵੇਂ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।"

ਪਾਂਧੇ ਨੇ ਕਿਹਾ, "ਨਾਨਕ, ਮੈਂ ਤਾਂ ਗਿਣਤੀ ਮਿਣਤੀ ਵਾਲੀ ਹੀ ਪੜ੍ਹਾਈ ਸਿੱਖੀ ਹੈ ਅਤੇ ਇਹ ਹੀ ਸਿਖਾਉਂਦਾ ਆ ਰਿਹਾ ਹਾਂ। ਜੇ ਤੈਨੂੰ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲੀ ਪੜ੍ਹਾਈ ਆਉਂਦੀ ਹੈ ਤਾਂ ਉਹ ਮੈਨੂੰ ਦੱਸ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਸ ਕਲਮ ਅਤੇ ਸਿਆਹੀ ਨਾਲ ਇਸ ਫੱਟੀ ਉੱਪਰ ਲਿਖਣਾ ਅਤੇ ਪੜ੍ਹਨਾ ਸੰਸਾਰਕ ਕਿਰਿਆ ਹੈ, ਜਿਸ ਨਾਲ ਮਨ ਇਸ ਦੁਨੀਆਂ ਦੇ ਧੰਦਿਆਂ ਵਿਚ ਫਸਦਾ ਹੈ ਅਤੇ ਜੀਵ ਨੂੰ ਬੰਧਨ ਪੈਂਦੇ ਹਨ। ਬੰਧਨਾਂ ਵਿਚ ਫਸੇ ਹੋਏ ਜੀਵ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਸੱਚੀ ਲਿਖਾਈ-ਪੜ੍ਹਾਈ ਨਾਲ ਇਸ ਦੁਨੀਆਂ ਦੇ ਬੰਧਨਾਂ ਤੋਂ ਮੋਹ ਟੁਟਦਾ ਹੈ ਅਤੇ ਮਨ ਵਿਕਾਰਾਂ ਤੋਂ ਛੁੱਟਦਾ ਹੈ। ਮਨ ਦੇ ਨਿਰਮਲ ਹੋਣ ਉਪ੍ਰੰਤ ਇਸ ਵਿਚ ਸ਼ੁਭ ਵਿਚਾਰ ਉਪਜਦੇ ਹਨ। ਉਹ ਸੱਚੀ ਪੜ੍ਹਾਈ, ਇਸ ਦੁਨੀਆਂ ਨੂੰ ਪੈਦਾ ਕਰਨ ਵਾਲੇ ਅਤੇ ਇਸਦੀ ਦੇਖਭਾਲ ਕਰਨ ਵਾਲੇ ਦੀ ਉਸਤਤ ਵੱਲ ਪ੍ਰੇਰਦੀ ਹੈ। ਉਸਦੇ ਗੁਣ ਗਾਉਣ ਨਾਲ ਤਨ ਮਨ ਸੁਖੀ ਹੁੰਦਾ ਹੈ ਅਤੇ ਮਨ ਵਿੱਚੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ।"

ਪਾਂਧੇ ਨੇ ਕਿਹਾ, "ਹੇ ਨਾਨਕ, ਜੋ ਕੁਝ ਮੈਨੂੰ ਆਉਂਦਾ ਸੀ, ਉਹ ਮੈਂ ਤੈਨੂੰ ਦੱਸ ਦਿੱਤਾ। ਇਹ ਸੱਚੀ ਪੜ੍ਹਾਈ ਮੈਨੂੰ ਨਹੀਂ ਆਉਂਦੀ। ਮੈਂ ਇਹ ਨਹੀਂ ਪੜ੍ਹਾ ਸਕਦਾ।" ਗੁਰੂ ਜੀ ਨੇ ਸਾਰੀ ਕਹਾਣੀ ਘਰ ਆ ਕੇ ਦੱਸ ਦਿੱਤੀ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੇ ਹੀ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਭੇਜਣਾ ਅਰੰਭ ਕਰ ਦਿੱਤਾ। ਇਕ ਦਿਨ ਗੁਰੂ ਜੀ ਨੇ ਮੌਲਵੀ ਨੂੰ ਪੁੱਛਿਆ, "ਇਨ੍ਹਾਂ ਅਲਫ਼, ਬੇ ਆਦਿ ਅੱਖਰਾਂ ਦੇ ਕੀ ਅਰਥ ਹਨ ?" ਮੌਲਵੀ ਪਾਸੋਂ ਇਸ ਤਰ੍ਹਾਂ ਦਾ ਸਵਾਲ ਪਹਿਲਾਂ ਕਦੇ ਕਿਸੇ ਨੇ ਪੁੱਛਿਆ ਨਹੀਂ ਸੀ। ਉਸਨੂੰ ਕੋਈ ਉੱਤਰ ਨਾ ਸੁਝਿਆ ਤਾਂ ਉਸ ਨੇ ਕਿਹਾ, "ਨਾਨਕ, ਤੂੰ ਹੀ ਦੱਸ ਇਨ੍ਹਾਂ ਦੇ ਕੀ ਅਰਥ ਹਨ ?" ਗੁਰੂ ਜੀ ਨੇ ਮੌਲਵੀ ਨੂੰ ਅਲਫ਼ ਤੋਂ ਯੇ ਤਕ ਦੇ ਸਾਰੇ ਅੱਖਰਾਂ ਦੇ ਅਰਥ ਪਰਮਾਤਮਾ ਦੀ ਉਸਤਤ ਵਿਚ ਸੁਣਾ ਦਿੱਤੇ। ਗੁਰੂ ਜੀ ਪਾਸੋਂ ਅੱਖਰਾਂ ਦੇ ਅਰਥ ਸੁਣ ਕੇ ਮੌਲਵੀ ਨੇ ਸਮਝ ਲਿਆ ਕਿ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਦੁਨਿਆਵੀ ਪੜ੍ਹਾਈ ਪਰਮਾਤਮਾ ਦੀਆਂ ਸਿਫ਼ਤਾਂ ਹਨ। ਸਿਫ਼ਤਾਂ ਦਾ ਵਿਚਾਰਨਾ ਹੀ ਸੱਚੀ ਪੜ੍ਹਾਈ ਹੈ।



ਸੱਚੀ ਪੜ੍ਹਾਈ

REAL EDUCATION



Sacred Thread

When Guru Nanak attained the age of nine, the day was fixed for him to wear the sacred thread prescribed by Manu, the originator of Hindu rituals and the caste system. After worship and recitation, Pandit Hardial started to put the sacred thread around Guru Nanak's neck. Guru Nanak stopped him and asked, "Dear Pandit, what is the use of putting this thread around my neck ? What authority is attained by wearing it ? What special deeds of faith one can perform by wearing it in addition to those which are already performed without it ?"

Pandit Hardial replied, "O Nanak, one gets spiritual birth by wearing it. You get the liberty to go to the kitchen upon wearing it. You get the freedom to participate in the religious rituals of the world. Brahmins and Kshatris are impure without wearing it and cannot take part in religious rituals and ceremonies. They do not have the right to perform the Saradh—feast of serving food every year to Brahmins so that it may reach the dead ancestors. Without this their ancestors face the pangs of hunger and thirst in the next world."

Guru Nanak further asked, "If one gets spiritual birth by wearing it, the thread should be put around the soul. What is the use of wearing it if the wearer continues to tell lies, back-bite and do other lowly deeds after wearing it like the Brahmin administering it. The sacred thread should be such that its wearing may make the wearer compassionate, contented, celibate and truthful in his dealings. Dear Pandit, if you have a thread of this type, I am ready to wear it. This type of thread will not be broken, nor soiled or burnt when the body is cremated. That True Thread will always remain with the soul even when the body is burnt."

Pandit Hardial,in a bid to make Guru Nanak understand, said further, "O Nanak, we are not starting this sacred thread ritual for the first time today. This ritual has been performed for a long time. Nobody has refused it before you." In order to expose Brahmins' greed to eat and get offerings behind the facade of this ritual, Guru Nanak recited :

A thread of cotton is spun and the Brahmin twists it, a goat is slaughtered and eaten and everyone is asked to wear the thread.

(Raag Asa, p. 471)

Pandit Hardial came to understand this hymn and was convinced that Guru Nanak would not wear that cotton thread around his neck. He also saw that if the common people grasped the meanings of what Guru Nanak had said, they would stop wearing the thread. He would be deprived of the goat and other offerings for performing this ritual from them also. On account of this fear he put the thread in his bag and returned home.

ਸੱਚਾ ਜਨੇਊ

ਗੁਰੂ ਨਾਨਕ ਦੇਵ ਜੀ ਨੌਂ ਸਾਲਾਂ ਦੇ ਹੋਏ ਤਾਂ ਇਨ੍ਹਾਂ ਦੇ ਵੀ ਮਨੂੰ ਦਾ ਸ਼ੁਰੂ ਕੀਤਾ ਜਨੇਊ ਪਾਉਣ ਵਾਲਾ ਦਿਨ ਆ ਗਿਆ। ਪੰਡਿਤ ਹਰਦਿਆਲ ਆਪਣਾ ਪੂਜਾ-ਪਾਠ ਕਰ ਕੇ ਜਦੋਂ ਗੁਰੂ ਜੀ ਦੇ ਗਲੇ ਵਿਚ ਜਨੇਊ ਪਾਉਣ ਲੱਗਾ ਤਾਂ ਗੁਰੂ ਨਾਨਕ ਨੇ ਉਸ ਨੂੰ ਰੋਕ ਦਿੱਤਾ ਅਤੇ ਪੁੱਛਿਆ, "ਪੰਡਿਤ ਜੀ, ਇਸ ਸੂਤਰ ਨੂੰ ਗਲੇ ਵਿਚ ਪਾਉਣ ਦਾ ਕੀ ਲਾਭ ਹੈ? ਇਸ ਨਾਲ ਕਿਹੜੀ ਪਦਵੀ ਮਿਲਦੀ ਹੈ? ਇਸ ਦੇ ਪਾਉਣ ਨਾਲ ਕਿਹੜੇ ਧਰਮ ਦੇ ਕਰਮਾਂ ਵਿਚ ਵਾਧਾ ਹੁੰਦਾ ਹੈ ਜਿਹੜੇ ਇਸਦੇ ਪਾਉਣ ਤੋਂ ਬਿਨਾਂ ਨਹੀਂ ਹੁੰਦੇ?"

ਪੰਡਿਤ ਹਰਦਿਆਲ ਨੇ ਉੱਤਰ ਦਿੱਤਾ, "ਹੇ ਨਾਨਕ, ਇਸਦੇ ਪਾਉਣ ਨਾਲ ਆਤਮਕ ਜਨਮ ਹੁੰਦਾ ਹੈ। ਇਸਦੇ ਪਾਉਣ ਉਪ੍ਰੰਤ ਰਸੋਈ ਵਿਚ ਜਾਣ ਦੀ ਖੁਲ੍ਹ ਹੋ ਜਾਂਦੀ ਹੈ। ਇਸਦੇ ਪਾਉਣ ਪਿੱਛੋਂ ਧਰਮ ਦੇ ਸੰਸਾਰੀ ਰੀਤਾਂ-ਰਵਾਜਾਂ ਵਿਚ ਸ਼ਾਮਲ ਹੋਣ ਦੀ ਆਜ਼ਾਦੀ ਹੁੰਦੀ ਹੈ। ਇਸਦੇ ਪਾਉਣ ਤੋਂ ਬਿਨਾਂ ਕਸ਼ੱਤ੍ਰੀ ਅਤੇ ਬ੍ਰਾਹਮਣ ਅਪਵਿੱਤਰ ਰਹਿੰਦੇ ਹਨ, ਜਿਸ ਕਾਰਨ ਉਹ ਧਰਮ ਦੇ ਕਰਮਾਂ ਵਿਚ ਹਿੱਸਾ ਨਹੀਂ ਲੈ ਸਕਦੇ। ਆਪਣੇ ਬਜ਼ੁਰਗਾਂ ਦੇ ਸਰਾਧ ਕਰਨ ਦਾ ਵੀ ਹੱਕ ਨਹੀਂ ਰਖਦੇ, ਜਿਸ ਕਾਰਨ ਉਨ੍ਹਾਂ ਦੇ ਪਿੱਤਰ, ਪਰਲੋਕ ਵਿਚ ਭੁੱਖ-ਪਿਆਸ ਨਾਲ ਦੁਖੀ ਰਹਿੰਦੇ ਹਨ।"

ਗੁਰੂ ਨਾਨਕ ਨੇ ਅੱਗੋਂ ਪੁੱਛਿਆ, "ਜੇ ਜਨੇਊ ਪਾਉਣ ਨਾਲ ਆਤਮਕ ਜਨਮ ਹੁੰਦਾ ਹੈ ਤਾਂ ਇਹ ਜਨੇਊ ਆਤਮਾ ਨੂੰ ਪਾਉਣਾ ਚਾਹੀਦਾ ਹੈ। ਇਹ ਸੂਤਰ ਪਾਉਣ ਦਾ ਕੀ ਲਾਭ ਜੇ ਪਾਉਣ ਵਾਲਾ ਪਹਿਲਾਂ ਦੀ ਤਰ੍ਹਾਂ ਝੂਠ ਬੋਲਦਾ ਰਹੇ, ਚੁਗ਼ਲੀਆਂ ਕਰਦਾ ਰਹੇ ਅਤੇ ਚੰਡਾਲਾਂ ਵਾਲੇ ਕੰਮ-ਕਾਰ ਕਰਦਾ ਰਹੇ, ਜਿਵੇਂ ਜਨੇਊ ਪਾਉਣ ਵਾਲਾ ਪੰਡਿਤ ਆਪ ਕਰਦਾ ਹੈ। ਜਨੇਊ ਤਾਂ ਇਸ ਤਰ੍ਹਾਂ ਦਾ ਹੋਵੇ ਜਿਸ ਦੇ ਪਾਉਣ ਨਾਲ ਮਨ ਵਿਚ ਦਇਆ ਉਪਜੇ, ਸੰਤੋਖੀ ਬਣੇ, ਜਤ ਰਖੇ ਅਤੇ ਸੱਚੇ ਵਿਹਾਰ ਕਰੇ। ਪੰਡਿਤ ਜੀ, ਜੇ ਆਪਦੇ ਪਾਸ ਇਸ ਤਰ੍ਹਾਂ ਦਾ ਜਨੇਊ ਹੈ ਤਾਂ ਮੈਂ ਪਾਉਣ ਲਈ ਤਿਆਰ ਹਾਂ। ਇਸ ਤਰ੍ਹਾਂ ਦਾ ਜਨੇਊ ਨਾ ਟੁੱਟੇਗਾ, ਨਾ ਗੰਦਾ ਹੋਵੇਗਾ ਅਤੇ ਨਾ ਹੀ ਸਰੀਰ ਦੇ ਜਲਾਉਣ ਸਮੇਂ ਅੱਗ ਵਿਚ ਜਲੇਗਾ। ਉਹ ਸੱਚਾ ਜਨੇਊ ਸਦਾ ਹੀ ਸਰੀਰ ਦੇ ਨਾਲ ਰਹੇਗਾ। ਸਰੀਰ ਦੇ ਜਲਾਉਣ ਉਪ੍ਰੰਤ ਵੀ ਆਦਮੀ ਦੇ ਨਾਲ ਜਾਵੇਗਾ।"


ਪੰਡਿਤ ਹਰਦਿਆਲ ਨੇ ਗੁਰੂ ਜੀ ਨੂੰ ਹੋਰ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਹੇ ਨਾਨਕ, ਇਹ ਜਨੇਊ ਅਸੀਂ ਅੱਜ ਪਹਿਲੀ ਵਾਰੀ ਸ਼ੁਰੂ ਨਹੀਂ ਕਰਨ ਲੱਗੇ। ਇਹ ਤਾਂ ਪੁਰਾਣੀ ਰੀਤ ਚਲੀ ਆ ਰਹੀ ਹੈ। ਤੇਰੇ ਨਾਲੋਂ ਪਹਿਲਾਂ ਕਦੇ ਕਿਸੇ ਨਾਂਹ ਨਹੀਂ ਕੀਤੀ।" ਗੁਰੂ ਨਾਨਕ ਨੇ ਜਨੇਊ ਦੀ ਰੀਤ ਪਿੱਛੇ ਬ੍ਰਾਹਮਣਾਂ ਦੇ ਖਾਣ ਦਾ ਪਾਜ ਖੋਲ੍ਹਣ ਲਈ ਇਹ ਸਲੋਕ ਉਚਾਰਿਆ:

> **ਤਗੁ ਕਪਾਹਹੁ ਕਤੀਐ ਬਾਮ੍ਣੁ ਵਟੇ ਆਇ॥**
> **ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥** —*ਰਾਗ ਆਸਾ, ਪੰਨਾ 471*

ਪੰਡਿਤ ਹਰਦਿਆਲ ਨੂੰ ਇਸ ਸਲੋਕ ਦੀ ਸਮਝ ਪੈ ਗਈ ਅਤੇ ਯਕੀਨ ਹੋ ਗਿਆ ਕਿ ਗੁਰੂ ਜੀ ਨੇ ਇਹ ਕਪਾਹ ਦਾ ਧਾਗਾ ਗਲ ਵਿਚ ਨਹੀਂ ਪਾਉਣਾ। ਉਸਨੇ ਇਹ ਵੀ ਦੇਖ ਲਿਆ ਕਿ ਜੇ ਆਮ ਲੋਕਾਂ ਨੂੰ ਗੁਰੂ ਦੇ ਕਹਿਣ ਦੀ ਸਮਝ ਪੈ ਗਈ ਤਾਂ ਉਨ੍ਹਾਂ ਵੀ ਜਨੇਊ ਪਾਉਣਾ ਬੰਦ ਕਰ ਦੇਣਾ ਸੀ। ਉਨ੍ਹਾਂ ਪਾਸੋਂ ਵੀ ਬ੍ਰਾਹਮਣਾਂ ਨੂੰ ਬੱਕਰੇ ਅਤੇ ਹੋਰ ਚੜ੍ਹਾਵਾ ਇਸ ਰਸਮ ਦੇ ਕਰਨ ਦਾ ਨਹੀਂ ਮਿਲਣਾ। ਇਸ ਡਰ ਦੇ ਮਾਰੇ ਉਸ ਨੇ ਜਨੇਊ ਆਪਣੇ ਥੈਲੇ ਵਿਚ ਪਾਇਆ ਅਤੇ ਘਰ ਨੂੰ ਪਰਤ ਗਿਆ।

ਸੱਚਾ ਜਨੇਊ

SACRED THREAD



Advice to Physician

After giving up learning from Maulvi Kutubudin, Guru Nanak started meeting saints and hermits. When no saint or hermit was available, he used to stay at home immersed in his own thoughts. If anybody came to the house, he talked as if he had met the person for the first time. Observing Guru Nanak's strange behaviour, his parents used to wonder. Guru Nanak also paid no attention to the timing of his meals.

Seeing the state of Guru Nanak, people began to talk thus, "Money is dearer to Mehta Kalu than his son. For the love of money he is not giving any treatment to his son although he is the only son." Hearing the people talk like this, Mehta Kalu one day called Haridas, the village physician, to treat Guru Nanak. Physician Haridas took Guru Nanak's arm to feel the pulse. Guru Nanak pulled away his arm from the physician's hand and said, "Dear physician why did you hold my arm ?" The physician replied, "I caught hold of your arm in order to feel your pulse. By reading your pulse, I was to diagnose your disease due to which you do not feel hunger and eat nothing and keep lying down all day. I was to give you medicine after the diagnosis which would have cured you and you would have felt hunger at the proper time."

Guru Nanak said to the physician, "Dear physician, my body whose pulse you are trying to feel is not sick. This illness is in my mind, deep inside myself. A physician who first recognises the malady correctly and then prescribes the medicine which frees the body from all ailments is a wise physician. Both the body and the mind may attain peace. I shall deem yourself to be an accomplished physician if you treat your own malady before relieving me of my illness."

The physician, on hearing that he himself was ill, was much upset. He asked, "Nanak, which illness do I have ? I am quite hale and hearty. Tell me quickly which illness do I suffer from ?" Guru Nanak replied, "You are sick with serious illness of birth and death. This cycle of birth and death cannot be cured by your medicines. Only the physician who does not himself suffer from this disease can give medicine to cure it. That physician, who is neither born nor dies. You are not that physician."

Physician Haridas knew only the cures of the diseases of the body. He did not know the medicine to rid oneself of the maladies of the mind, but he came to understand what Guru Nanak had said. He took leave of Mehta Kalu telling him, "Nanak has no physical ailment. He is immersed in the love of God. Dear Mehta Kalu, please stop worrying about your son. He does not need any medicine from a physician."

ਵੈਦ ਨੂੰ ਸਿੱਖਿਆ

ਗੁਰੂ ਨਾਨਕ ਦੇਵ ਜੀ ਨੇ ਮੌਲਵੀ ਪਾਸੋਂ ਪੜ੍ਹਨਾ ਛੱਡਣ ਪਿੱਛੋਂ, ਸਾਧਾਂ ਸੰਤਾਂ ਦੀ ਸੰਗਤ ਕਰਨੀ ਅਰੰਭ ਕਰ ਦਿੱਤੀ। ਜਦੋਂ ਕੋਈ ਸਾਧ ਜਾਂ ਸੰਤ ਨਾ ਮਿਲਦਾ ਤਾਂ ਘਰ ਵਿਚ ਹੀ ਪਏ ਰਹਿੰਦੇ। ਆਪਣੇ ਆਪ ਵਿਚ ਹੀ ਮਸਤ ਰਹਿੰਦੇ। ਘਰ ਵਿਚ ਕੋਈ ਆਉਂਦਾ ਤਾਂ ਉਸ ਨਾਲ ਇਸ ਤਰ੍ਹਾਂ ਦੀਆਂ ਗੱਲਾਂ-ਬਾਤਾਂ ਕਰਦੇ ਜਿਵੇਂ ਆਉਣ ਵਾਲੇ ਨੂੰ ਉਹ ਪਹਿਲੀ ਵਾਰੀ ਮਿਲੇ ਹੋਣ। ਗੁਰੂ ਜੀ ਦਾ ਇਸ ਤਰ੍ਹਾਂ ਦਾ ਸੁਭਾਉ ਦੇਖ ਕੇ ਉਨ੍ਹਾਂ ਦੇ ਮਾਤਾ ਪਿਤਾ ਬਹੁਤ ਹੈਰਾਨ ਹੁੰਦੇ। ਗੁਰੂ ਜੀ ਆਪਣੇ ਖਾਣ ਪੀਣ ਵੱਲ ਵੀ ਕੋਈ ਧਿਆਨ ਨਾ ਦਿੰਦੇ।


ਗੁਰੂ ਜੀ ਦੀ ਇਸ ਤਰ੍ਹਾਂ ਦੀ ਹਾਲਤ ਦੇਖ ਕੇ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ, "ਮਹਿਤਾ ਕਾਲੂ ਨੂੰ ਪੁੱਤਰ ਨਾਲੋਂ ਪੈਸਾ ਬਹੁਤਾ ਪਿਆਰਾ ਹੈ। ਪੈਸੇ ਦੇ ਮੋਹ ਵਿਚ ਉਹ ਪੁੱਤਰ ਦਾ ਕੋਈ ਇਲਾਜ ਨਹੀਂ ਕਰਾਉਂਦਾ, ਜਦੋਂ ਕਿ ਉਸਦੇ ਇੱਕੋ ਇੱਕ ਪੁੱਤਰ ਹੈ।" ਲੋਕਾਂ ਪਾਸੋਂ ਇਸ ਤਰ੍ਹਾਂ ਸੁਣ ਕੇ ਮਹਿਤਾ ਕਾਲੂ ਨੇ ਇੱਕ ਦਿਨ ਪਿੰਡ ਦੇ ਵੈਦ ਹਰਿਦਾਸ ਨੂੰ ਗੁਰੂ ਜੀ ਦੇ ਇਲਾਜ ਲਈ ਸੱਦ ਲਿਆ। ਵੈਦ ਹਰਿਦਾਸ ਨੇ ਗੁਰੂ ਜੀ ਦੀ ਬਾਂਹ ਫੜ ਕੇ ਨਬਜ਼ ਦੇਖਣੀ ਸ਼ੁਰੂ ਕੀਤੀ। ਗੁਰੂ ਜੀ ਨੇ ਆਪਣੀ ਬਾਂਹ ਵੈਦ ਪਾਸੋਂ ਛੁਡਾ ਲਈ ਅਤੇ ਕਿਹਾ, "ਵੈਦ ਜੀ, ਤੁਸੀਂ ਮੇਰੀ ਬਾਂਹ ਕਿਉਂ ਫੜੀ ਸੀ ?" ਵੈਦ ਨੇ ਉੱਤਰ ਦਿੱਤਾ, "ਮੈਂ ਤੇਰੀ ਬਾਂਹ ਫੜ ਕੇ ਤੇਰੀ ਨਬਜ਼ ਦੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਨਬਜ਼ ਦੇਖ ਕੇ ਮੈਂ ਤੇਰਾ ਰੋਗ ਲੱਭਣਾ ਸੀ ਜਿਸ ਕਾਰਨ ਤੈਨੂੰ ਭੁੱਖ ਨਹੀਂ ਲੱਗਦੀ, ਤੂੰ ਕੁਝ ਨਹੀਂ ਖਾਂਦਾ ਅਤੇ ਸਾਰਾ ਦਿਨ ਪਿਆ ਰਹਿੰਦਾ ਹੈਂ। ਰੋਗ ਲੱਭ ਕੇ ਦਵਾਈ ਦੇਣੀ ਸੀ ਜਿਸ ਨਾਲ ਤੇਰਾ ਰੋਗ ਦੂਰ ਹੋ ਜਾਣਾ ਸੀ। ਤੈਨੂੰ ਸਮੇਂ ਸਿਰ ਭੁੱਖ ਲੱਗਣੀ ਸੀ।"

ਗੁਰੂ ਜੀ ਨੇ ਵੈਦ ਨੂੰ ਕਿਹਾ, "ਵੈਦ ਜੀ, ਰੋਗ ਮੇਰੇ ਸਰੀਰ ਨੂੰ ਨਹੀਂ ਜਿਸ ਦੀ ਤੁਸੀਂ ਨਬਜ਼ ਦੇਖਦੇ ਹੋ। ਇਹ ਰੋਗ ਤਾਂ ਮੇਰੇ ਮਨ ਵਿਚ ਹੈ, ਮੇਰੇ ਅੰਦਰ ਹੈ। ਸਿਆਣਾ ਵੈਦ ਤਾਂ ਉਹ ਹੈ ਜਿਹੜਾ ਪਹਿਲਾਂ ਰੋਗ ਦੀ ਠੀਕ ਪਛਾਣ ਕਰੇ ਅਤੇ ਫਿਰ ਉਸ ਤਰ੍ਹਾਂ ਦੀ ਦਵਾਈ ਲੱਭੇ ਜਿਸ ਨਾਲ ਸਰੀਰ ਦੇ ਸਾਰੇ ਰੋਗ ਦੂਰ ਹੋ ਜਾਣ। ਤਨ ਮਨ ਵਿਚ ਸੁੱਖ ਦਾ ਵਾਸਾ ਹੋ ਜਾਵੇ। ਸੁਲਝਿਆ ਹੋਇਆ ਵੈਦ ਤਾਂ ਮੈਂ ਤੈਨੂੰ ਤਦ ਜਾਣਾਂ, ਜੇ ਮੇਰਾ ਰੋਗ ਦੂਰ ਕਰਨ ਤੋਂ ਪਹਿਲਾਂ ਤੂੰ ਆਪਣੇ ਰੋਗ ਦਾ ਇਲਾਜ ਕਰੇਂ।"

ਵੈਦ ਇਹ ਸੁਣ ਕੇ ਬਹੁਤ ਘਬਰਾਇਆ ਕਿ ਉਸਨੂੰ ਕੋਈ ਰੋਗ ਸੀ। ਉਸਨੇ ਪੁੱਛਿਆ, "ਨਾਨਕ, ਮੈਨੂੰ ਕਿਹੜਾ ਰੋਗ ਹੈ ? ਮੈਂ ਤਾਂ ਬਿਲਕੁਲ ਤੰਦਰੁਸਤ ਹਾਂ। ਜਲਦੀ ਦੱਸ ਮੈਨੂੰ ਕਿਹੜਾ ਰੋਗ ਹੈ ?" ਗੁਰੂ ਨਾਨਕ ਨੇ ਉੱਤਰ ਦਿੱਤਾ, "ਵੈਦ ਜੀ, ਤੁਸਾਂ ਨੂੰ ਜਨਮ-ਮਰਨ ਦਾ ਬਹੁਤ ਵੱਡਾ ਰੋਗ ਲੱਗਾ ਹੋਇਆ ਹੈ। ਇਹ ਜੰਮਣਾ-ਮਰਨਾ ਤੁਹਾਡੀਆਂ ਦਵਾਈਆਂ ਨਾਲ ਦੂਰ ਹੋਣ ਵਾਲਾ ਨਹੀਂ। ਇਸ ਰੋਗ ਨੂੰ ਦੂਰ ਕਰਨ ਦੀ ਦਵਾਈ ਤਾਂ ਉਹ ਵੈਦ ਹੀ ਦੇ ਸਕਦਾ ਹੈ ਜਿਸ ਨੂੰ ਇਹ ਰੋਗ ਨਾ ਹੋਵੇ। ਉਹ ਵੈਦ ਜਿਹੜਾ ਨਾ ਜੰਮਦਾ ਅਤੇ ਨਾ ਮਰਦਾ ਹੋਵੇ। ਤੁਸੀਂ ਉਹ ਵੈਦ ਨਹੀਂ।"

ਵੈਦ ਹਰਿਦਾਸ ਤਾਂ ਸਰੀਰਕ ਰੋਗਾਂ ਦਾ ਹੀ ਇਲਾਜ ਕਰਨਾ ਜਾਣਦਾ ਸੀ। ਉਸਨੂੰ ਮਨ ਦੇ ਰੋਗ ਦੂਰ ਕਰਨ ਦਾ ਗਿਆਨ ਨਹੀਂ ਸੀ, ਪਰ ਉਸਨੂੰ ਗੁਰੂ ਨਾਨਕ ਦੇ ਦੱਸਣ ਦੀ ਸਮਝ ਪੈ ਗਈ। ਉਸਨੇ ਮਹਿਤਾ ਕਾਲੂ ਪਾਸੋਂ ਇਹ ਕਹਿ ਕੇ ਛੁੱਟੀ ਪਾਈ, "ਗੁਰੂ ਨਾਨਕ ਨੂੰ ਕੋਈ ਸਰੀਰਕ ਰੋਗ ਨਹੀਂ। ਇਹ ਤਾਂ ਪਰਮਾਤਮਾ ਦੇ ਪਿਆਰ ਵਿਚ ਰੱਤਾ ਹੋਇਆ ਹੈ। ਮਹਿਤਾ ਜੀ, ਤੁਸੀਂ ਪੁੱਤਰ ਦਾ ਫ਼ਿਕਰ ਕਰਨਾ ਛੱਡ ਦੇਵੋ। ਇਸਨੂੰ ਕਿਸੇ ਵੈਦ ਦੀ ਦਵਾਈ ਦੀ ਲੋੜ ਨਹੀਂ।"

ADVICE TO PHYSICIAN ਵੈਦ ਨੂੰ ਸਿੱਖਿਆ



A True Merchandise

When Guru Nanak attained the age of eighteen, his father Mehta Kalu thought of engaging him in trade, thinking that it would be a good profitable profession and secondly his son would be happy all day talking to his clients about his business. Thinking this way and choosing an auspicious day, he called Bhai Bala to be Guru Nanak's companion. He gave twenty rupees to Bhai Bala and said, "Go with Nanak. Buy and bring some genuine goods by selling of which we may save a lot. In this way if you make a profitable transaction, next time I will send you with more money to buy goods."

Guru Nanak and Bhai Bala started from Talwandi towards Chuharkana to purchase some merchandise. They had hardly gone ten or twelve miles from the village when they saw a group of hermits sitting in the jungle. Guru Nanak said to Bhai Bala, "Father has asked us to carry out some profitable transaction. No bargain can be more trully profitable than to feed and clothe these naked and hungry hermits. I cannot leave this true bargain. It is seldom that we get an opportunity to carry out some profitable transaction like this." Guru Nanak took all the money from Bhai Bala, placed it before the head of the hermits and said, "I offer this in your service."

The head of the hermits said, "Son, this money is of no use to us. We do not go to places where people live. We stay in the jungle. If you get meals prepared with this money, we will accept it." Guru Nanak and Bhai Bala went to the village nearby. They got meals prepared with that money and brought them to the hermits and distributed among them. They also brought clothes for the naked hermits with the money that was left. Taking leave of the head of the hermits, they started back empty-handed.

When both reached near Talwandi, Guru Nanak said to Bhai Bala, "You go to the village alone, I shall sit at this well." Bhai Bala went to the village and narrated the whole story to Mehta Kalu. He told him where Guru Nanak was sitting. Mehta Kalu was very angry that they had wasted money on hermits in this way. Putting aside all work he took Bhai Bala along and started towards the well. Reaching the well, he caught hold of Guru Nanak and slapped him three or four times. Bhai Bala was telling Mehta Kalu at that time too, "You told us when we started out to make a good bargain. You may or may not agree, Nanak has made a true bargain."

For Mehta Kalu, amassing of wealth was the only true bargain because in this world it is money which is the mark of nobility, it is the wealthy who is wise, only the rich are considered gentle, honest, pious and lovers of mankind. The means by which the money has been earned are of no consideration. Only those who make true transaction think about the ways and means.


ਸੱਚਾ ਸੌਦਾ

ਗੁਰੂ ਨਾਨਕ ਦੇਵ ਜਦੋਂ ਅਠਾਰਾਂ ਵਰ੍ਹਿਆਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਸੋਚਿਆ ਕਿ ਪੁੱਤਰ ਨੂੰ ਸੌਦਾਗਰੀ ਦੇ ਕੰਮ-ਕਾਰ ਵਿਚ ਪਾਇਆ ਜਾਵੇ, ਜਿਸ ਵਿਚ ਪੈਸੇ ਵੀ ਚੰਗੇ ਬਚ ਜਾਇਆ ਕਰਨਗੇ ਅਤੇ ਪੁੱਤਰ ਦਾ ਮਨ, ਗਾਹਕਾਂ ਦੇ ਨਾਲ ਲੈਣ-ਦੇਣ ਦੀਆਂ ਗੱਲਾਂ-ਬਾਤਾਂ ਕਰ ਕੇ ਸਾਰਾ ਦਿਨ ਖ਼ੁਸ਼ ਰਹੇਗਾ। ਇਹ ਸੋਚ, ਚੰਗਾ ਸ਼ੁਭ ਦਿਨ ਦੇਖ ਕੇ ਉਨ੍ਹਾਂ ਨੇ ਭਾਈ ਬਾਲੇ ਨੂੰ ਬੁਲਾ ਲਿਆ। ਭਾਈ ਬਾਲੇ ਨੂੰ ਵੀਹ ਰੁਪਏ ਦੇ ਕੇ ਕਿਹਾ, "ਤੁਸੀਂ ਦੋਵੇਂ ਜਾਉ। ਕੋਈ ਸੱਚਾ ਸੌਦਾ ਖ਼ਰੀਦ ਕੇ ਲੈ ਆਵੋ, ਜਿਸ ਨੂੰ ਵੇਚਣ ਨਾਲ ਆਪਾਂ ਨੂੰ ਕਾਫ਼ੀ ਬੱਚਤ ਹੋਵੇ। ਇਸ ਤਰ੍ਹਾਂ ਜੇ ਤੁਸੀਂ ਵਾਧੇ ਵਾਲਾ ਸੌਦਾ ਕੀਤਾ ਤਾਂ ਮੈਂ ਤੁਹਾਨੂੰ ਅੱਗੇ ਤੋਂ ਵੱਧ ਪੈਸੇ ਦੇ ਕੇ ਹੋਰ ਸੌਦਾ ਖ਼ਰੀਦਣ ਭੇਜਾਂਗਾ।"

ਗੁਰੂ ਜੀ ਅਤੇ ਭਾਈ ਬਾਲਾ ਤਲਵੰਡੀ ਤੋਂ ਚੂਹੜਕਾਣੇ ਵੱਲ ਨੂੰ ਖਰਾ ਸੌਦਾ ਕਰਨ ਲਈ ਚਲ ਪਏ। ਪਿੰਡ ਤੋਂ ਕੋਈ ਦਸ ਬਾਰਾਂ ਮੀਲ ਹੀ ਗਏ ਸਨ ਕਿ ਉਨ੍ਹਾਂ ਨੇ ਜੰਗਲ ਵਿਚ ਇੱਕ ਸਾਧਾਂ ਦੀ ਟੋਲੀ ਬੈਠੀ ਦੇਖੀ। ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਪਿਤਾ ਜੀ ਨੇ ਆਪਾਂ ਨੂੰ ਕੋਈ ਸੱਚਾ ਸੌਦਾ ਕਰਨ ਲਈ ਕਿਹਾ ਹੈ। ਇਨ੍ਹਾਂ ਨੰਗੇ ਭੁੱਖੇ ਸਾਧਾਂ ਨੂੰ ਕੱਪੜੇ ਅਤੇ ਭੋਜਨ ਦੇਣ ਨਾਲੋਂ ਹੋਰ ਕਿਹੜਾ ਸੱਚਾ ਸੌਦਾ ਹੋ ਸਕਦਾ ਹੈ। ਮੈਂ ਇਹ ਸੌਦਾ ਨਹੀਂ ਛੱਡ ਸਕਦਾ। ਇਸ ਤਰ੍ਹਾਂ ਦੇ ਸੱਚੇ ਸੌਦੇ ਕਰਨ ਦਾ ਮੌਕਾ ਕਦੇ-ਕਦਾਈਂ ਹੱਥ ਆਉਂਦਾ ਹੈ।" ਗੁਰੂ ਜੀ ਨੇ ਭਾਈ ਬਾਲੇ ਪਾਸੋਂ ਸਾਰੇ ਪੈਸੇ ਲੈ ਕੇ ਸਾਧਾਂ ਦੇ ਆਗੂ ਅੱਗੇ ਰਖਦਿਆਂ ਕਿਹਾ, "ਮੈਂ ਆਪਦੀ ਸੇਵਾ ਵਿਚ ਇਹ ਭੇਟ ਕਰ ਰਿਹਾ ਹਾਂ।"

ਸਾਧਾਂ ਦੇ ਆਗੂ ਨੇ ਕਿਹਾ, "ਬੇਟਾ, ਇਹ ਪੈਸੇ ਸਾਡੇ ਕਿਸੇ ਕੰਮ ਨਹੀਂ। ਅਸੀਂ ਬਸਤੀਆਂ ਵਿਚ ਨਹੀਂ ਜਾਂਦੇ। ਅਸੀਂ ਜੰਗਲ ਵਿਚ ਹੀ ਰਹਿੰਦੇ ਹਾਂ। ਜੇ ਤੁਸੀਂ ਇਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਦੇਵੋ ਤਾਂ ਅਸੀਂ ਸਵੀਕਾਰ ਕਰ ਲਵਾਂਗੇ।" ਗੁਰੂ ਜੀ ਅਤੇ ਭਾਈ ਬਾਲਾ ਨੇੜੇ ਦੇ ਪਿੰਡ ਵਿਚ ਗਏ। ਉਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਕੇ ਲੈ ਆਏ। ਉਹ ਭੋਜਨ ਉਨ੍ਹਾਂ ਸਾਰੇ ਸਾਧਾਂ ਨੂੰ ਵਰਤਾ ਦਿੱਤਾ। ਜਿਹੜੇ ਪੈਸੇ ਬਚ ਗਏ ਉਨ੍ਹਾਂ ਦੇ ਕੱਪੜੇ ਲੈ ਕੇ ਨੰਗੇ ਸਾਧਾਂ ਨੂੰ ਦੇ ਦਿੱਤੇ। ਸਾਧਾਂ ਦੇ ਆਗੂ ਪਾਸੋਂ ਆਗਿਆ ਲੈ ਕੇ, ਖ਼ਾਲੀ ਹੱਥ, ਦੋਵੇਂ ਤਲਵੰਡੀ ਨੂੰ ਵਾਪਸ ਮੁੜ ਆਏ।

ਉਹ ਦੋਵੇਂ ਜਦੋਂ ਪਿੰਡ ਤਲਵੰਡੀ ਦੇ ਨੇੜੇ ਪੁੱਜੇ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਭਾਈ ਬਾਲਿਆ, ਤੂੰ ਇਕੱਲਾ ਹੀ ਪਿੰਡ ਨੂੰ ਚਲਿਆ ਜਾ। ਮੈਂ ਇਸ ਖੂਹ ਉੱਪਰ ਬੈਠਾਂਗਾ।" ਭਾਈ ਬਾਲੇ ਨੇ ਪਿੰਡ ਜਾ ਕੇ ਸਾਰੀ ਕਹਾਣੀ ਮਹਿਤਾ ਕਾਲੂ ਨੂੰ ਦੱਸ ਦਿੱਤੀ। ਇਹ ਵੀ ਦੱਸ ਦਿੱਤਾ ਕਿ ਗੁਰੂ ਜੀ ਕਿੱਥੇ ਬੈਠੇ ਸਨ। ਮਹਿਤਾ ਕਾਲੂ ਨੂੰ ਗੁਰੂ ਜੀ ਦੇ ਇਸ ਤਰ੍ਹਾਂ ਸਾਧਾਂ ਨੂੰ ਪੈਸੇ ਲੁਟਾਉਣ ਉੱਪਰ ਬਹੁਤ ਗ਼ੁੱਸਾ ਆਇਆ। ਉਨ੍ਹਾਂ ਨੇ ਸਾਰੇ ਕੰਮ ਛੱਡ ਕੇ ਭਾਈ ਬਾਲੇ ਨੂੰ ਨਾਲ ਲਿਆ ਅਤੇ ਖੂਹ ਵੱਲ ਤੁਰ ਪਏ। ਖੂਹ ਉੱਪਰ ਪੁੱਜ ਕੇ ਉਨ੍ਹਾਂ ਗੁਰੂ ਜੀ ਨੂੰ ਫੜ ਕੇ ਦੋ ਚਾਰ ਚਪੇੜਾਂ ਟਿਕਾ ਦਿੱਤੀਆਂ। ਭਾਈ ਬਾਲਾ ਉਸ ਵੇਲੇ ਵੀ ਕਹਿ ਰਿਹਾ ਸੀ, "ਮਹਿਤਾ ਜੀ, ਤੁਸੀਂ ਸਾਨੂੰ ਤੁਰਨ ਲੱਗਿਆਂ ਨੂੰ ਕਿਹਾ ਸੀ ਕਿ ਕੋਈ ਸੱਚਾ ਸੌਦਾ ਕਰ ਕੇ ਆਉਣਾ। ਤੁਸੀਂ ਭਾਵੇਂ ਮੰਨੋ ਜਾਂ ਨਾ ਮੰਨੋ, ਗੁਰੂ ਜੀ ਨੇ ਸੱਚਾ ਸੌਦਾ ਹੀ ਕੀਤਾ ਹੈ।" ਮਹਿਤਾ ਕਾਲੂ ਲਈ ਧਨ ਇਕੱਠਾ ਕਰਨਾ ਹੀ ਸੱਚਾ ਸੌਦਾ ਸੀ, ਕਿਉਂਕਿ ਇਸ ਦੁਨੀਆਂ ਵਿਚ ਧਨੀ ਹੀ ਖ਼ਾਨਦਾਨੀ ਹੈ, ਧਨੀ ਅਕਲਾਂ ਵਾਲਾ ਹੈ, ਧਨੀ ਹੀ ਸ਼ਰੀਫ਼, ਈਮਾਨਦਾਰ, ਧਰਮੀ ਅਤੇ ਦਾਨੀ ਹੈ। ਧਨ ਭਾਵੇਂ ਉਸ ਨੇ ਕਿਸੇ ਵੀ ਢੰਗ ਨਾਲ ਇਕੱਠਾ ਕੀਤਾ ਹੋਵੇ। ਉਸ ਧਨ ਦੀ ਵਿਚਾਰ ਸਿਰਫ਼ ਸੱਚਾ ਸੌਦਾ ਕਰਨ ਵਾਲੇ ਕਰਦੇ ਹਨ।


A TRUE MERCHANDISE
ਸੱਚਾ ਸੌਦਾ

General Store at Sultanpur

After Guru Nanak had spent the money given for the 'true bargain' on the hermits, his father realised that Guru Nanak could not do business. He took advice from his ruler, Rai Bular, about work for Guru Nanak. He said, "Dear Mehta, send your son to his sister Nanaki at Sultanpur Lodhi. Her husband, Jai Ram is the minister looking after the estate of Nawab Daulat Khan at Sultanpur. Bhai Jai Ram will get him appointed to a good post in the service of Nawab Daulat Khan.

Acting upon the advice of his ruler, Mehta Kalu sent Guru Nanak to Sultanpur to his sister. Bhai Jai Ram introduced Guru Nanak to his Nawab. When the Nawab came to know that Guru Nanak had learnt accounts and Persian, he appointed him as store-keeper in his general store which was known as Modi Khana. Modi Khana was a very big store for rations in which the farmers tilling the land of the Nawab deposited a part of the produce as tax. The store-keeper used to send that accumulated grain to the kitchen of the army. It was also the duty of the store-keeper to sell the surplus and deposit the money in the government treasury. As such the work of the store-keeper was of great responsibility. The store-keeper used to get a part of the income from his sales every month.

After taking over the work at the Modi Khana, Guru Nanak called Bhai Mardana to him. It became their daily routine to rise early in the morning, bathe in the Veiyeen river, sing the praises of the true Lord and then come to Modi Khana. Whoever came to buy from Guru Nanak, he would weigh in excess rather than short. He did not try to get more from the farmers who brought their produce. If a needy person or a holy man came to the store, Guru Nanak looked after their needs. Even after dealing in this way, Guru Nanak saved something every month when accounting was done. Everyone who came to Modi Khana returned happy. Above all Nawab Daulat Khan was pleased with Guru Nanak for working honestly. Nobody complained to him about Guru Ji as was the case with the previous store-keepers whose complaints of under and over weighing and frauds were often received.

When someone came and asked Guru Nanak, "Nanak, we see you filling the bags of the poor with your own hands from Modi Khana, yet how is it that there is no loss to it ?" Guru Nanak would reply thus, "The Lord has given me the job of store-keeper who has created these poor people. I accomplish this work treating it as His own then how can there be a loss ?"

ਸੁਲਤਾਨਪੁਰ ਦਾ ਮੋਦੀ ਖ਼ਾਨਾ

ਗੁਰੂ ਨਾਨਕ ਦੇਵ ਜੀ ਨੂੰ ਸੱਚੇ ਸੌਦੇ ਲਈ ਦਿੱਤੇ ਪੈਸੇ, ਸਾਧਾਂ ਉੱਪਰ ਖ਼ਰਚ ਦੇਣ ਪਿੱਛੋਂ ਉਨ੍ਹਾਂ ਦੇ ਪਿਤਾ ਨੇ ਦੇਖ ਲਿਆ ਸੀ ਕਿ ਗੁਰੂ ਜੀ ਸੌਦਾਗਰੀ ਨਹੀਂ ਕਰ ਸਕਦੇ। ਉਨ੍ਹਾਂ ਨੇ ਆਪਣੇ ਹਾਕਮ, ਰਾਏ ਬੁਲਾਰ ਪਾਸੋਂ ਗੁਰੂ ਜੀ ਲਈ ਕੰਮ ਬਾਰੇ ਸਲਾਹ ਲਈ। ਉਸਨੇ ਕਿਹਾ, "ਮਹਿਤਾ ਜੀ, ਆਪਣੇ ਪੁੱਤਰ ਨੂੰ ਤੁਸੀਂ ਸੁਲਤਾਨਪੁਰ ਉਸਦੀ ਭੈਣ ਨਾਨਕੀ ਪਾਸ ਭੇਜ ਦੇਵੋ। ਸੁਲਤਾਨਪੁਰ ਵਿਚ ਭੈਣ ਨਾਨਕੀ ਦਾ ਪਤੀ, ਜੈ ਰਾਮ, ਨਵਾਬ ਦੌਲਤ ਖ਼ਾਨ ਦੀ ਜਾਗੀਰ ਦੀ ਦੇਖ-ਭਾਲ ਕਰਨ ਦਾ ਵਜ਼ੀਰ ਹੈ। ਭਾਈ ਜੈ ਰਾਮ ਇਸ ਨੂੰ ਨਵਾਬ ਦੌਲਤ ਖ਼ਾਨ ਪਾਸ ਕਿਸੇ ਚੰਗੀ ਨੌਕਰੀ ਉੱਪਰ ਰਖਵਾ ਦੇਵੇਗਾ।"

ਮਹਿਤਾ ਕਾਲੂ ਨੇ ਆਪਣੇ ਹਾਕਮ ਦੀ ਸਲਾਹ ਉਪ੍ਰੰਤ, ਗੁਰੂ ਜੀ ਨੂੰ ਸੁਲਤਾਨਪੁਰ ਭੈਣ ਨਾਨਕੀ ਪਾਸ ਭੇਜ ਦਿੱਤਾ। ਭਾਈ ਜੈ ਰਾਮ ਨੇ ਗੁਰੂ ਜੀ ਦੀ ਜਾਣ-ਪਛਾਣ ਆਪਣੇ ਨਵਾਬ ਨਾਲ ਕਰਵਾਈ। ਹਾਕਮ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਹਿਸਾਬ ਕਿਤਾਬ ਅਤੇ ਫ਼ਾਰਸੀ ਪੜ੍ਹੇ ਹੋਏ ਸਨ ਤਾਂ ਉਸ ਨੇ ਗੁਰੂ ਜੀ ਨੂੰ ਸੁਲਤਾਨਪੁਰ ਦੇ ਮੋਦੀ ਖ਼ਾਨੇ ਵਿਚ ਮੋਦੀ ਦੀ ਨੌਕਰੀ ਉੱਪਰ ਰਖ ਲਿਆ। ਮੋਦੀ ਖ਼ਾਨਾ ਇੱਕ ਬਹੁਤ ਵੱਡਾ ਰਾਸ਼ਨ ਦਾ ਸਟੋਰ ਸੀ, ਜਿਸ ਵਿਚ ਹਾਕਮ ਦੀ ਜ਼ਮੀਨ ਵਿਚ ਖੇਤੀ ਕਰਨ ਵਾਲੇ ਕਿਸਾਨ, ਟੈਕਸ ਵਜੋਂ, ਜ਼ਮੀਨ ਵਿਚ ਪੈਦਾ ਕੀਤੀ ਫ਼ਸਲ ਦਾ ਕੁਝ ਹਿੱਸਾ ਮੋਦੀ ਖ਼ਾਨੇ ਵਿਚ ਜਮ੍ਹਾ ਕਰਵਾਉਂਦੇ ਸਨ। ਮੋਦੀ ਉਸ ਇਕੱਠੀ ਹੋਈ ਜਿਨਸ ਨੂੰ ਫ਼ੌਜ ਦੇ ਲੰਗਰ ਨੂੰ ਭੇਜਦਾ ਸੀ। ਜਿਹੜੀ ਫਾਲਤੂ ਹੋਵੇ ਉਸ ਨੂੰ ਵੇਚ ਕੇ ਪੈਸੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਂਦਾ ਸੀ। ਇਸ ਲਈ ਮੋਦੀ ਦਾ ਕੰਮ ਕਾਫ਼ੀ ਜ਼ਿੰਮੇਵਾਰੀ ਦਾ ਸੀ। ਮੋਦੀ ਨੂੰ ਹਰ ਮਹੀਨੇ ਦੀ ਵਿਕਰੀ ਦਾ ਕੁਝ ਹਿੱਸਾ ਮਿਲਦਾ ਸੀ।

ਗੁਰੂ ਜੀ ਨੇ ਮੋਦੀ ਦਾ ਕੰਮ ਸੰਭਾਲਣ ਪਿੱਛੋਂ ਭਾਈ ਮਰਦਾਨੇ ਨੂੰ ਆਪਣੇ ਪਾਸ ਬੁਲਾ ਲਿਆ। ਉਨ੍ਹਾਂ ਦੋਹਾਂ ਦਾ ਹਰ ਰੋਜ਼ ਦਾ ਨੇਮ ਬਣ ਗਿਆ ਸੀ ਕਿ ਸਵੇਰੇ ਉਠ ਕੇ ਵੇਈਂ ਨਦੀ ਵਿਚ ਇਸ਼ਨਾਨ ਕਰਨਾ, ਸੱਚੇ ਮਾਲਕ ਦੀ ਉਸਤਤ ਕਰਨੀ ਅਤੇ ਫਿਰ ਮੋਦੀ ਖ਼ਾਨੇ ਆ ਜਾਣਾ। ਗੁਰੂ ਜੀ ਪਾਸੋਂ ਜਿਹੜਾ ਵੀ ਸੌਦਾ ਲੈਣ ਆਉਂਦਾ ਉਸ ਨੂੰ ਘੱਟ ਦੀ ਥਾਂ ਵੱਧ ਹੀ ਤੋਲ ਕੇ ਦਿੰਦੇ। ਜਿਹੜਾ ਕਿਸਾਨ ਖੇਤੀ ਬਾੜੀ ਦਾ ਟੈਕਸ ਦੇਣ ਲਈ ਜਿਨਸ ਲੈ ਕੇ ਆਉਂਦਾ, ਉਸ ਪਾਸੋਂ ਵੱਧ ਲੈਣ ਦੀ ਕੋਈ ਕੋਸ਼ਿਸ਼ ਨਾ ਕਰਦੇ। ਕੋਈ ਲੋੜਵੰਦ ਗ਼ਰੀਬ ਜਾਂ ਫ਼ਕੀਰ ਆਉਂਦਾ ਤਾਂ ਉਸਦੀ ਲੋੜ ਪੂਰੀ ਕਰ ਦਿੰਦੇ। ਇਸ ਤਰ੍ਹਾਂ ਦਾ ਵਿਹਾਰ ਕਰਦੇ ਹੋਏ ਵੀ ਹਰ ਮਹੀਨੇ ਹਿਸਾਬ ਕਰਨ ਪਿੱਛੋਂ, ਗੁਰੂ ਜੀ ਨੂੰ ਕੁਝ ਨਾ ਕੁਝ ਬਚ ਹੀ ਜਾਂਦਾ। ਹਰ ਕੋਈ ਮੋਦੀ ਖ਼ਾਨੇ ਆਉਣ ਵਾਲਾ ਖ਼ੁਸ਼ ਹੋ ਕੇ ਵਾਪਸ ਜਾਂਦਾ। ਸਭ ਤੋਂ ਵੱਧ ਨਵਾਬ ਦੌਲਤ ਖ਼ਾਨ, ਗੁਰੂ ਜੀ ਦੇ ਈਮਾਨਦਾਰੀ ਨਾਲ ਕੰਮ ਕਰਨ ਉੱਪਰ ਖ਼ੁਸ਼ ਸੀ। ਜਿਸ ਪਾਸ ਕਦੇ ਕਿਸੇ ਨੇ ਜਾ ਕੇ ਮੋਦੀ ਦੀ ਸ਼ਿਕਾਇਤ ਨਹੀਂ ਕੀਤੀ ਸੀ, ਜਿਵੇਂ ਕਿ ਪਹਿਲੇ ਮੋਦੀਆਂ ਦੇ ਘੱਟ ਵੱਧ ਤੋਲਣ ਦੀ ਅਤੇ ਹੋਰ ਹੇਰਾ ਫੇਰੀ ਦੀ ਹੁੰਦੀ ਸੀ।

ਗੁਰੂ ਜੀ ਨੂੰ ਜਦੋਂ ਕਿਸੇ ਨੇ ਪੁੱਛਿਆ, "ਨਾਨਕ, ਅਸੀਂ ਤੈਨੂੰ ਮੋਦੀ ਖ਼ਾਨੇ ਵਿੱਚੋਂ ਗ਼ਰੀਬਾਂ ਦੀਆਂ ਝੋਲੀਆਂ ਭਰਦੇ ਦੇਖਦੇ ਹਾਂ, ਫਿਰ ਵੀ ਮੋਦੀ ਖ਼ਾਨੇ ਨੂੰ ਘਾਟਾ ਕਿਉਂ ਨਹੀਂ ਪੈਂਦਾ?" ਅੱਗੋਂ ਗੁਰੂ ਜੀ ਉੱਤਰ ਦਿੰਦੇ, "ਮੈਨੂੰ ਇਹ ਮੋਦੀ ਦਾ ਕੰਮ ਉਸ ਮਾਲਕ ਨੇ ਦਿੱਤਾ ਹੈ ਜਿਸ ਨੇ ਇਹ ਗ਼ਰੀਬ ਪੈਦਾ ਕੀਤੇ ਹਨ। ਮੈਂ ਇਹ ਉਸਦਾ ਕੰਮ ਸਮਝ ਕੇ ਨਿਭਾਉਂਦਾ ਹਾਂ, ਫਿਰ ਘਾਟਾ ਕਿਵੇਂ ਪੈ ਸਕਦਾ ਹੈ।"


ਸੁਲਤਾਨਪੁਰ ਦਾ ਮੋਦੀਖਾਨਾ
GENERAL STORE AT SULTANPUR

Companion Mardana

Bhai Mardana was the companion who remained with Guru Nanak for full forty-seven years. The bitter cold of the hills, the heat of the deserts, fear of wild animals in the jungles, hunger and thirst in the lifeless wilderness or the love of home did not deter him from keeping company with Guru Nanak. The true guide freed him from the five vices namely lust, anger, greed, attachment and pride and instilled in him five virtues—truth, contentment, patience, compassion and faith. He was given the honour to be a saint and a brother to all.

Bhai Mardana was nine years older than Guru Nanak. His father was a Mirasi Muslim by caste who did odd jobs in the village of Mir Badra. There was no postal system of sending letters in those days. Mirasis used to perform this duty. They took the messages of the village people to their relatives and brought back their replies for them. The work of a Mirasi was of great importance. They had to commit everything to memory. Everybody believed what they said. They could stay in everybody's house and take meals from all. Those who used their services, had to look after them well for the sake of their honour. They were on the move for most of the time and it had become their habit to bear the hardships of the way. As they moved alone, they made it a hobby to sing and play instruments to amuse themselves. Being of high character was a great virtue in them.

Besides having all the virtues of the clan, Bhai Mardana had a special asset in his ability to play the Rabab—a musical instrument on which he sang the hymns composed by Guru Nanak in nineteen different melodies. After leaving his work as a store-keeper, Guru Nanak, realising his virtues, chose Bhai Mardana as his companion for his long journeys. In order to convey his message to the populace who were going astray in the dark, they started on foot from Sultanpur to Lahore. On their way, both of them slept wherever they were at nightfall. At dawn both woke up and bathed. Bhai Mardana played his musical instrument and Guru Nanak recited a hymn in praise of God.

After the completion of the recital, with the permission of Guru Nanak, Bhai Mardana went to the village nearby to fetch something to eat and drink. The village folk gave some clothes to wear along with the food just as they used to give these things to other fakirs. Bhai Mardana tied the clothes in a bundle and brought it to Guru Nanak. Guru Nanak saw the bundle of clothes with Bhai Mardana and said, "Bhai Mardana, distribute these clothes among the poor. By amassing things offered as charity, one becomes greedy. A greedy man entangled by this urge can never do any good to mankind." Acting upon the command of Guru Nanak, Bhai Mardana distributed among the poor all clothes and eatables which were surplus to their requirements.

ਸਾਥੀ ਮਰਦਾਨਾ

ਭਾਈ ਮਰਦਾਨਾ, ਗੁਰੂ ਨਾਨਕ ਦਾ ਉਹ ਸਾਥੀ ਸੀ ਜਿਸਨੇ ਉਨ੍ਹਾਂ ਦਾ ਸਾਥ ਪੂਰੇ ਸੰਤਾਲੀ ਸਾਲ ਦਿੱਤਾ। ਭਾਈ ਮਰਦਾਨੇ ਲਈ ਪਹਾੜੀਆਂ ਦੀ ਸਰਦੀ, ਰੇਗਿਸਤਾਨਾਂ ਦੀ ਗਰਮੀ, ਜੰਗਲਾਂ ਵਿਚ ਜਾਨਵਰਾਂ ਦਾ ਡਰ, ਉਜਾੜ ਅਤੇ ਵੀਰਾਨੇ ਵਿਚ ਭੁੱਖ-ਪਿਆਸ ਜਾਂ ਘਰ ਦਾ ਮੋਹ, ਗੁਰੂ ਦਾ ਸਾਥ ਦੇਣ ਵਿਚ ਔਕੜ ਨਾ ਬਣੇ। ਸੱਚੇ ਗੁਰੂ ਨੇ ਉਸ ਵਿੱਚੋਂ ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਕੱਢ ਕੇ ਪੰਜ ਗੁਣ—ਸਤ, ਸੰਤੋਖ, ਸਬਰ, ਦਇਆ ਅਤੇ ਧਰਮ ਉਸ ਵਿਚ ਭਰ ਦਿੱਤੇ ਸਨ। ਉਸਨੂੰ ਇੱਕ ਸੰਤ ਅਤੇ ਸਾਰਿਆਂ ਦਾ ਭਰਾ ਹੋਣ ਦਾ ਮਾਣ ਬਖ਼ਸ਼ ਦਿੱਤਾ ਸੀ।

ਭਾਈ ਮਰਦਾਨਾ ਗੁਰੂ ਜੀ ਨਾਲੋਂ ਉਮਰ ਵਿਚ ਨੌਂ ਸਾਲ ਵੱਡਾ ਸੀ। ਉਸਦਾ ਪਿਤਾ, ਮੀਰ ਬਾਦਰੇ ਪਿੰਡ ਦਾ ਮਰਾਸੀ ਸੀ। ਉਨ੍ਹਾਂ ਦਿਨਾਂ ਵਿਚ ਕੋਈ ਚਿੱਠੀ-ਪੱਤਰ ਭੇਜਣ ਦਾ ਸਾਧਨ ਨਹੀਂ ਸੀ। ਮਰਾਸੀ ਇਹ ਕੰਮ ਕਰਦੇ ਸਨ। ਪਿੰਡ ਦੇ ਲੋਕਾਂ ਦੇ ਸੁਨੇਹੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਜਾ ਕੇ ਦਿੰਦੇ ਅਤੇ ਉਨ੍ਹਾਂ ਤੋਂ ਜਵਾਬ ਵਾਪਸ ਲੈ ਕੇ ਆਉਂਦੇ ਸਨ। ਮਰਾਸੀ ਦਾ ਕੰਮ ਬੜੀ ਵੱਡੀ ਜ਼ਿੰਮੇਵਾਰੀ ਦਾ ਹੁੰਦਾ ਸੀ। ਉਨ੍ਹਾਂ ਨੂੰ ਸਭ ਕੁਝ ਜ਼ਬਾਨੀ ਯਾਦ ਰਖਣਾ ਪੈਂਦਾ ਸੀ। ਉਨ੍ਹਾਂ ਦੀ ਜ਼ਬਾਨ ਉੱਪਰ ਸਭ ਨੂੰ ਯਕੀਨ ਹੁੰਦਾ ਸੀ। ਉਹ ਹਰ ਇੱਕ ਦੇ ਘਰ ਰਹਿ ਸਕਦੇ ਸਨ ਅਤੇ ਹਰ ਇੱਕ ਦੇ ਘਰ ਦਾ ਖਾ ਪੀ ਸਕਦੇ ਸਨ। ਜਜਮਾਨਾਂ ਨੂੰ ਆਪਣੀ ਇੱਜ਼ਤ ਖ਼ਾਤਰ ਉਨ੍ਹਾਂ ਦੀ ਚੰਗੀ ਸੇਵਾ ਕਰਨੀ ਪੈਂਦੀ ਸੀ। ਉਹ ਜਾਂਦੇ ਆਉਂਦੇ ਰਹਿੰਦੇ ਸਨ, ਇਸ ਲਈ ਰਸਤੇ ਦੀਆਂ ਤਕਲੀਫ਼ਾਂ ਸਹਾਰਨਾ ਉਨ੍ਹਾਂ ਦੀ ਆਦਤ ਬਣ ਚੁਕੀ ਹੁੰਦੀ ਸੀ। ਰਸਤੇ ਵਿਚ ਇਕੱਲੇ ਹੋਣ ਕਾਰਨ ਆਪਣਾ ਆਪ ਬਹਿਲਾਉਣ ਲਈ, ਗਾਉਣਾ ਅਤੇ ਵਜਾਉਣਾ ਉਨ੍ਹਾਂ ਦਾ ਇਕ ਸ਼ੁਗਲ ਸੀ। ਉਨ੍ਹਾਂ ਦਾ ਆਚਰਣ ਉੱਚਾ ਹੋਣਾ ਸਭ ਤੋਂ ਵੱਡਾ ਗੁਣ ਹੁੰਦਾ ਸੀ।

ਭਾਈ ਮਰਦਾਨੇ ਵਿਚ ਆਪਣੇ ਖ਼ਾਨਦਾਨ ਦੀਆਂ ਸਾਰੀਆਂ ਚੰਗਿਆਈਆਂ ਹੋਣ ਤੋਂ ਇਲਾਵਾ, ਰਬਾਬ ਵਜਾਉਣ ਦਾ ਖ਼ਾਸ ਗੁਣ ਸੀ, ਜਿਸ ਨਾਲ ਉਸ ਨੇ ਗੁਰੂ ਜੀ ਦੀ ਰਚੀ ਬਾਣੀ ਉੱਨੀ ਰਾਗਾਂ ਵਿਚ ਗਾਇਨ ਕੀਤੀ। ਗੁਰੂ ਜੀ ਨੇ ਮੋਦੀ ਖ਼ਾਨੇ ਦਾ ਕੰਮ-ਕਾਰ ਛੱਡ ਦੇਣ ਪਿੱਛੋਂ, ਭਾਈ ਮਰਦਾਨੇ ਨੂੰ ਉਸਦੇ ਗੁਣ ਦੇਖ ਕੇ ਆਪਣੇ ਸਫ਼ਰਾਂ ਦਾ ਸਾਥੀ ਚੁਣ ਲਿਆ। ਉਨ੍ਹਾਂ ਨੇ ਆਪਣਾ ਸੁਨੇਹਾ ਭੁੱਲੀ ਭਟਕੀ ਜਨਤਾ ਤਕ ਪਹੁੰਚਾਉਣ ਲਈ ਸੁਲਤਾਨਪੁਰ ਤੋਂ ਲਾਹੌਰ ਵੱਲ ਪੈਦਲ ਚੱਲਣਾ ਸ਼ੁਰੂ ਕੀਤਾ। ਰਸਤੇ ਵਿਚ ਜਿੱਥੇ ਰਾਤ ਪੈ ਗਈ ਉਸ ਥਾਂ ਹੀ ਦੋਵੇਂ ਸੌਂ ਗਏ। ਸਵੇਰੇ ਸਵੇਰੇ ਉਨ੍ਹਾਂ ਉੱਠ ਕੇ ਇਸ਼ਨਾਨ ਕੀਤਾ। ਭਾਈ ਮਰਦਾਨੇ ਨੇ ਰਬਾਬ ਵਜਾਈ ਅਤੇ ਗੁਰੂ ਜੀ ਨੇ ਪਰਮਾਤਮਾ ਦੀ ਉਸਤਤ ਵਿਚ ਸ਼ਬਦ ਉਚਾਰਨ ਕੀਤਾ।

ਸ਼ਬਦ ਦਾ ਭੋਗ ਪੈਣ ਪਿੱਛੋਂ, ਭਾਈ ਮਰਦਾਨਾ ਗੁਰੂ ਜੀ ਦੀ ਆਗਿਆ ਲੈ ਕੇ, ਨੇੜੇ ਦੇ ਪਿੰਡ ਵਿੱਚੋਂ ਖਾਣ-ਪੀਣ ਲਈ ਕੁਝ ਲੈਣ ਗਿਆ। ਪਿੰਡ ਦੇ ਲੋਕਾਂ ਨੇ ਖਾਣ ਦੀਆਂ ਵਸਤੂਆਂ ਦੇ ਨਾਲ ਪਾਉਣ ਵਾਲੇ ਕੱਪੜੇ ਵੀ ਦੇ ਦਿੱਤੇ ਜਿਵੇਂ ਕਿ ਉਹ ਆਮ ਸਾਧਾਂ ਨੂੰ ਦਿੰਦੇ ਸਨ। ਭਾਈ ਮਰਦਾਨੇ ਨੇ ਕੱਪੜਿਆਂ ਦੀ ਗੱਠੜੀ ਬੰਨ੍ਹੀ ਅਤੇ ਗੁਰੂ ਜੀ ਪਾਸ ਲੈ ਆਇਆ। ਗੁਰੂ ਜੀ ਨੇ ਭਾਈ ਮਰਦਾਨੇ ਪਾਸ ਕੱਪੜਿਆਂ ਦੀ ਗੰਢ ਦੇਖ ਕੇ ਕਿਹਾ, "ਭਾਈ ਮਰਦਾਨਿਆ, ਇਹ ਕੱਪੜੇ ਗ਼ਰੀਬਾਂ ਨੂੰ ਵੰਡ ਦੇ। ਲੋੜ ਤੋਂ ਬਿਨਾਂ ਦਾਨ ਅਤੇ ਪੂਜਾ ਦੀਆਂ ਵਸਤੂਆਂ ਇਕੱਠੀਆਂ ਕਰਨ ਨਾਲ ਬੰਦਾ ਲੋਭੀ ਬਣ ਜਾਂਦਾ ਹੈ। ਲੋਭੀ, ਲਾਲਚ ਵਿਚ ਫਸ ਕੇ ਕਦੇ ਵੀ ਦੁਨੀਆਂ ਦਾ ਭਲਾ ਨਹੀਂ ਕਰ ਸਕਦਾ।" ਗੁਰੂ ਜੀ ਦਾ ਹੁਕਮ ਮੰਨ ਕੇ, ਭਾਈ ਮਰਦਾਨੇ ਨੇ ਕੱਪੜਿਆਂ ਦੇ ਨਾਲ ਜਿਹੜੀਆਂ ਖਾਣ ਵਾਲੀਆਂ ਵਸਤੂਆਂ ਵਾਧੂ ਸਨ, ਉਹ ਵੀ ਗ਼ਰੀਬਾਂ ਨੂੰ ਵੰਡ ਦਿੱਤੀਆਂ।



ਸਾਥੀ ਮਰਦਾਨਾ

True Prayer

After Guru Nanak got employed as store-keeper at Sultanpur, Mool Chand, a land official at Pakkhoke Randhawa, married his daughter, Bibi Sulakhani to him. Bibi Sulakhani started living with him at Sultanpur. She gave birth to two sons namely Sri Chand and Lakhmi Dass.

One day when Guru Nanak went to the river Veiyeen to take his bath as usual, he did not come out. This happened in 1497 A.D. when Guru Nanak was twenty-seven. After waiting for a long time, Bhai Mardana returned home and informed Nawab Daulat Khan about Guru Nanak's disappearance in the river. The Nawab sent his men to search for him but they could not find him either in the river or outside nearby. The people of the city were much grieved at the disappearance of their wise and honest store-keeper. On the third day after this happening, somebody saw Guru Nanak sitting in the graveyard.

The news of Guru Nanak sitting in the graveyard also reached Nawab Daulat Khan. The head qazi (Islamic Magistrate) was also standing with him at that time. The Nawab took him along and reached the graveyard where Guru Nanak was sitting. They heard with their own ears, Guru Nanak saying, "Here nobody is either a Hindu or a Muslim." They were struck with wonder. They said, "O Nanak, if you don't feel any difference between Hindus and Muslims and you think all are created by one God, if you believe that in the court of God, decisions will be made according to the good and bad deeds of each individual, then come with us to the mosque to perform prayer bestowed by God."

At the bidding of the Nawab, Guru Nanak went with them inside the mosque. All the devotees except Guru Nanak began to perform the prayer. After the completion of the prayer, the Nawab asked Guru Nanak, "Why did you not say the prayer ? Why did you keep standing silently when we were performing the prayer ?" Guru Nanak replied, "Dear Nawab, whom would have I joined in the prayer ? Your mind was in Kandhar purchasing horses while your body was here." The Nawab said, "Nanak, if my mind was not present in the prayer, you should have joined the qazi." Guru Nanak said, "Dear Nawab, the qazi's mind was looking after the newly born colt at home." Hearing this the qazi said, "Dear Nawab, Nanak is telling the truth. My mare had given birth to a calf this morning. While performing the prayer, I was worrying that my colt might fall into the ditch and might not be able to get out of the ditch on its own."

Guru Nanak said, "Dear qazi, only the prayer which is performed with the mind and body fully concentrated, is accepted at the door of the Lord. Prayers performed without full concentration of mind are self-deception and hypocrisy."

ਸੱਚੀ ਨਮਾਜ਼


ਸੁਲਤਾਨਪੁਰ ਵਿਚ ਗੁਰੂ ਜੀ ਨੂੰ ਮੋਦੀ ਖ਼ਾਨੇ ਦੀ ਨੌਕਰੀ ਮਿਲਣ ਪਿੱਛੋਂ, ਪੱਖੋਕੇ ਰੰਧਾਵੇ ਦੇ ਪਟਵਾਰੀ ਮੂਲ ਚੰਦ ਨੇ, ਆਪਣੀ ਪੁੱਤਰੀ ਬੀਬੀ ਸੁਲੱਖਣੀ ਦੀ, ਗੁਰੂ ਜੀ ਨਾਲ ਸ਼ਾਦੀ ਕਰ ਦਿੱਤੀ। ਬੀਬੀ ਸੁਲੱਖਣੀ ਆਪ ਦੇ ਨਾਲ ਸੁਲਤਾਨਪੁਰ ਹੀ ਰਹਿਣ ਲੱਗੇ। ਉਨ੍ਹਾਂ ਨੇ ਦੋ ਪੁੱਤਰਾਂ, ਸਿਰੀਚੰਦ ਅਤੇ ਲਖਮੀਦਾਸ ਨੂੰ ਜਨਮ ਦਿੱਤਾ।

ਇੱਕ ਦਿਨ ਗੁਰੂ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਲਈ ਗਏ ਅਤੇ ਬਾਹਰ ਹੀ ਨਾ ਨਿਕਲੇ। ਇਹ ਘਟਨਾ 1497 ਈ. ਦੀ ਹੈ,ਜਦੋਂ ਗੁਰੂ ਜੀ ਦੀ ਉਮਰ 27 ਸਾਲਾਂ ਦੀ ਸੀ। ਭਾਈ ਮਰਦਾਨਾ ਉਡੀਕ ਉਡੀਕ ਕੇ, ਥੱਕ ਕੇ ਘਰ ਨੂੰ ਪਰਤ ਆਇਆ ਅਤੇ ਨਵਾਬ ਨੂੰ ਗੁਰੂ ਜੀ ਦੇ ਨਦੀ ਵਿੱਚੋਂ ਬਾਹਰ ਨਾ ਨਿਕਲਣ ਦੀ ਖ਼ਬਰ ਦਿੱਤੀ। ਨਵਾਬ ਨੇ ਆਪਣੇ ਆਦਮੀ ਗੁਰੂ ਜੀ ਦੀ ਭਾਲ ਲਈ ਭੇਜੇ ਪਰ ਉਨ੍ਹਾਂ ਨੂੰ ਗੁਰੂ ਜੀ ਨਦੀ ਵਿਚ ਜਾਂ ਬਾਹਰ ਆਸੇ ਪਾਸੇ ਕਿਧਰੇ ਨਾ ਮਿਲੇ। ਸ਼ਹਿਰ ਦੇ ਸਾਰੇ ਲੋਕਾਂ ਨੂੰ ਆਪਣੇ ਸਿਆਣੇ ਅਤੇ ਈਮਾਨਦਾਰ ਮੋਦੀ ਦੇ ਲਾਪਤਾ ਹੋਣ ਦਾ ਬਹੁਤ ਅਫ਼ਸੋਸ ਹੋਇਆ। ਇਸ ਘਟਨਾ ਤੋਂ ਤੀਜੇ ਦਿਨ ਕਿਸੇ ਨੇ ਗੁਰੂ ਜੀ ਨੂੰ ਕਬਰਿਸਤਾਨ ਵਿਚ ਬੈਠੇ ਦੇਖਿਆ।

ਗੁਰੂ ਜੀ ਦੇ ਕਬਰਿਸਤਾਨ ਵਿਚ ਬੈਠੇ ਹੋਣ ਦੀ ਖ਼ਬਰ ਨਵਾਬ ਦੌਲਤ ਖ਼ਾਨ ਪਾਸ ਵੀ ਪੁੱਜ ਗਈ। ਉਸ ਸਮੇਂ ਸ਼ਹਿਰ ਦਾ ਵੱਡਾ ਕਾਜ਼ੀ, ਨਵਾਬ ਪਾਸ ਹੀ ਖੜਾ ਸੀ। ਨਵਾਬ ਨੇ ਉਸਨੂੰ ਨਾਲ ਲਿਆ ਅਤੇ ਗੁਰੂ ਜੀ ਪਾਸ ਕਬਰਿਸਤਾਨ ਵਿਚ ਪੁੱਜ ਗਿਆ। ਉਨ੍ਹਾਂ ਆਪਣੇ ਕੰਨੀਂ ਗੁਰੂ ਜੀ ਨੂੰ ਕਹਿੰਦੇ ਸੁਣਿਆ, "ਏਥੇ ਨਾ ਕੋਈ ਹਿੰਦੂ ਹੈ ਅਤੇ ਨਾ ਮੁਸਲਮਾਨ।" ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਕਿਹਾ, "ਹੇ ਨਾਨਕ, ਜੇ ਤੈਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਫ਼ਰਕ ਨਹੀਂ ਲਗਦਾ, ਸਾਰੇ ਇੱਕ ਖ਼ੁਦਾ ਦੇ ਪੈਦਾ ਕੀਤੇ ਲਗਦੇ ਹਨ, ਜੇ ਤੇਰਾ ਖ਼ਿਆਲ ਹੈ ਕਿ ਖ਼ੁਦਾ ਦੇ ਦਰਬਾਰ ਵਿਚ ਇਨ੍ਹਾਂ ਦੇ ਚੰਗੇ ਬੁਰੇ ਕਰਮ ਪਰਖ ਕੇ ਫ਼ੈਸਲੇ ਹੋਣਗੇ ਤਾਂ ਤੂੰ ਸਾਡੇ ਨਾਲ ਖ਼ੁਦਾ ਦੇ ਘਰ ਮਸੀਤ ਵਿਚ, ਖ਼ੁਦਾ ਦੀ ਭੇਜੀ ਨਮਾਜ਼ ਪੜ੍ਹਨ ਲਈ ਚੱਲ।"

ਗੁਰੂ ਜੀ ਨਵਾਬ ਦੇ ਕਹਿਣ ਉੱਪਰ ਉਨ੍ਹਾਂ ਨਾਲ ਮਸੀਤ ਅੰਦਰ ਚਲੇ ਗਏ। ਗੁਰੂ ਜੀ ਤੋਂ ਬਿਨਾਂ ਸਾਰੇ ਨਮਾਜ਼ੀ ਨਮਾਜ਼ ਪੜ੍ਹਨ ਲੱਗੇ। ਨਮਾਜ਼ ਦੇ ਖ਼ਤਮ ਹੋਣ ਉਪ੍ਰੰਤ ਨਵਾਬ ਨੇ ਗੁਰੂ ਜੀ ਪਾਸੋਂ ਪੁੱਛਿਆ, "ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ ? ਤੁਸੀਂ ਚੁੱਪ ਕਰ ਕੇ ਕਿਉਂ ਖੜੇ ਰਹੇ, ਜਦੋਂ ਅਸੀਂ ਨਮਾਜ਼ ਪੜ੍ਹ ਰਹੇ ਸੀ ?" ਗੁਰੂ ਜੀ ਨੇ ਉੱਤਰ ਦਿੱਤਾ, "ਨਵਾਬ ਜੀ, ਮੈਂ ਨਮਾਜ਼ ਵਿਚ ਕਿਸ ਦਾ ਸਾਥ ਦਿੰਦਾ ? ਆਪ ਦਾ ਮਨ ਤਾਂ ਕੰਧਾਰ ਵਿਚ ਘੋੜੇ ਖ਼ਰੀਦਣ ਗਿਆ ਹੋਇਆ ਸੀ ਭਾਵੇਂ ਸਰੀਰ ਏਥੇ ਸੀ।" ਨਵਾਬ ਨੇ ਕਿਹਾ, "ਨਾਨਕ, ਜੇ ਮੇਰਾ ਮਨ ਨਮਾਜ਼ ਵਿਚ ਹਾਜ਼ਰ ਨਹੀਂ ਸੀ ਤਾਂ ਤੁਸੀਂ ਕਾਜ਼ੀ ਦਾ ਸਾਥ ਦੇਣਾ ਸੀ।" ਗੁਰੂ ਜੀ ਨੇ ਕਿਹਾ, "ਨਵਾਬ ਸਾਹਿਬ, ਕਾਜ਼ੀ ਦਾ ਮਨ ਘਰ ਵਿਚ ਨਵੀਂ ਸੂਈ ਘੋੜੀ ਦੀ ਦੇਖ-ਭਾਲ ਕਰ ਰਿਹਾ ਸੀ।" ਇਹ ਸੁਣ ਕੇ ਕਾਜ਼ੀ ਨੇ ਕਿਹਾ, "ਨਵਾਬ ਸਾਹਿਬ, ਨਾਨਕ ਸੱਚ ਕਹਿੰਦਾ ਹੈ। ਮੇਰੀ ਘੋੜੀ ਅੱਜ ਸਵੇਰੇ ਸੂਈ ਸੀ। ਨਮਾਜ਼ ਕਰਦੇ ਕਰਦੇ ਮੇਰੇ ਮਨ ਵਿਚ ਆਇਆ ਕਿ ਇਸ ਤਰ੍ਹਾਂ ਨਾ ਹੋਵੇ ਕਿ ਵਛੇਰਾ ਟੋਏ ਵਿਚ ਡਿੱਗ ਪਵੇ ਅਤੇ ਨਿਕਲ ਨਾ ਸਕੇ।"

ਗੁਰੂ ਨਾਨਕ ਨੇ ਕਿਹਾ, "ਕਾਜ਼ੀ ਸਾਹਿਬ, ਖ਼ੁਦਾ ਦੇ ਦਰ ਉੱਪਰ ਉਹ ਨਮਾਜ਼ ਪ੍ਰਵਾਨ ਹੁੰਦੀ ਹੈ ਜਿਹੜੀ ਮਨ ਤਨ ਇਕਾਗਰ ਕਰ ਕੇ ਕੀਤੀ ਜਾਵੇ। ਮਨ ਦੀ ਇਕਾਗਰਤਾ ਤੋਂ ਬਿਨਾਂ ਪੜ੍ਹੀ ਨਮਾਜ਼ ਆਪਣੇ ਆਪ ਨਾਲ ਧੋਖਾ ਹੈ ਅਤੇ ਦੂਜਿਆਂ ਲਈ ਦਿਖਾਵਾ ਹੈ।"


TRUE PRAYER
ਸੱਚੀ ਨਮਾਜ਼

Illusion of Rituals

Starting from Sultanpur, Guru Nanak and Bhai Mardana reached Lahore, on the way showing the true path to the people of the villages. They stopped at a well outside Lahore to spend the night there. Early in the morning, bleating of goats and cows started in the slaughter house near that well. Through the din and noise of those animals, Guru Nanak heard the voices of Muslims reciting holy verses. Those voices were of those qazis (Islamic Magistrates) who were cutting the throats of the animals. By reciting the holy words, the qazis were making the meat of those animals rightful for the consumption of the public.

The qazis were paid for cutting the throats of animals after reciting the holy words. Guru Nanak did not like those murders being committed in the name of God. God cannot be pleased by recitation of verses in this way. Those qazis weilding the knives had become pitiless persons. Who could stop those pitiless persons committing cruelty in the name of religion ? In order to show this injustice to the other people, Guru Nanak recited the hymn : "In their ignorance, Islamic Magistrates of Lahore city were taking poison by committing tyranny on the animals in the name of God, before the sunrise."

Hearing Guru Nanak's hymn, people gathered around him. At the end of the recital, Duni Chand's men requested Guru Nanak to accompany them to his house. Acceding to their request, Guru Nanak went along with them.

Seeing much hustle and bustle in his house, Guru Nanak asked Duni Chand, "What is the special reason of this happiness in your house ?" Duni Chand replied, "Man of God, I am performing a feast in the name of my father as I do every year. I am serving meals and giving money in charity to one hundred Brahmins. This meal served by me to these Brahmins,will reach my father which will satisfy his hunger for a whole year."

Guru Nanak gave Duni Chand a needle and said, "Duni Chand, keep this needle. I will take it back from you in the next world." Duni Chand said, "Holy man, you are joking. How can I take this needle with me to the next world ?"

Guru Nanak said, "This is very easy. It is possible in the same way as these Brahmins send the food to your father in the next world by eating themselves in one day." Hearing the reply of Guru Nanak, Duni Chand came to understand the delusion created by the Brahmins to fill their own stomachs.

Duni Chand inquired, "If these Brahmins cannot convey the food and riches how can these be taken along ?" Guru Nanak replied, "Money earned in a fair way, when shared with the needy and poor, goes directly with you to the next world. You do not require an intermediary to carry it along. Money earned by unfair means does not become right by worship, recitation and uttering the name of God."


ਰਿਵਾਜੀ ਭਰਮ

ਗੁਰੂ ਜੀ ਅਤੇ ਭਾਈ ਮਰਦਾਨਾ, ਸੁਲਤਾਨਪੁਰ ਤੋਂ ਚਲ ਕੇ, ਰਸਤੇ ਦੇ ਪਿੰਡਾਂ ਦੀ ਜਨਤਾ ਨੂੰ ਸੱਚ ਦੇ ਰਾਹ ਪਾਉਂਦੇ ਲਾਹੌਰ ਪੁੱਜੇ। ਲਾਹੌਰ ਸ਼ਹਿਰ ਤੋਂ ਬਾਹਰ ਉਹ ਇੱਕ ਖੂਹ ਉੱਪਰ ਰਾਤ ਕੱਟਣ ਲਈ ਰੁਕੇ। ਸੰਝ ਸਵੇਰੇ ਖੂਹ ਦੇ ਨਾਲ ਲਗਦੇ ਬੁੱਚੜਖ਼ਾਨੇ ਵਿਚ ਬਕਰੀਆਂ ਅਤੇ ਗਾਂਈਆਂ ਦਾ ਰੌਲਾ ਸ਼ੁਰੂ ਹੋ ਗਿਆ। ਉਨ੍ਹਾਂ ਜਾਨਵਰਾਂ ਦੇ ਰੌਲੇ ਵਿਚ ਗੁਰੂ ਜੀ ਦੇ ਕੰਨੀਂ ਮੁਸਲਮਾਨਾਂ ਦੇ ਕਲਮਾ ਪੜ੍ਹਨ ਦੀਆਂ ਆਵਾਜ਼ਾਂ ਪਈਆਂ। ਇਹ ਆਵਾਜ਼ਾਂ ਉਨ੍ਹਾਂ ਕਾਜ਼ੀਆਂ ਦੀਆਂ ਸਨ ਜਿਹੜੇ ਜਾਨਵਰਾਂ ਦੀਆਂ ਗਰਦਨਾਂ ਉੱਪਰ ਛੁਰੀ ਫੇਰਦੇ ਸਨ। ਇਸ ਤਰ੍ਹਾਂ ਕਾਜ਼ੀ ਉਨ੍ਹਾਂ ਦਾ ਮਾਸ ਲੋਕਾਂ ਦੇ ਖਾਣ ਯੋਗ ਬਣਾਉਂਦੇ ਸਨ। ਕਾਜ਼ੀਆਂ ਨੂੰ ਕਲਮਾ ਪੜ੍ਹ ਕੇ ਜਾਨਵਰਾਂ ਦੀਆਂ ਗਰਦਨਾਂ ਉੱਪਰ ਛੁਰੀ ਫੇਰਨ ਦੇ ਪੈਸੇ ਮਿਲਦੇ ਸਨ। ਗੁਰੂ ਜੀ ਨੂੰ ਇਹ ਕਤਲ ਖ਼ੁਦਾ ਦੇ ਨਾਂ ਉੱਪਰ ਹੁੰਦੇ ਚੰਗੇ ਨਾ ਲੱਗੇ। ਅੱਲ੍ਹਾ ਇਸ ਤਰ੍ਹਾਂ ਦਾ ਕਲਮਾ ਪੜ੍ਹਨ ਉੱਪਰ ਕਦੇ ਖ਼ੁਸ਼ ਨਹੀਂ ਹੋ ਸਕਦਾ। ਇਹ ਛੁਰੀ ਚਲਾਉਣ ਵਾਲੇ ਕਾਜ਼ੀ ਨਿਰਦਈ ਬਣ ਚੁੱਕੇ ਸਨ। ਧਰਮ ਦੇ ਨਾਂ ਉੱਪਰ ਇਸ ਤਰ੍ਹਾਂ ਦੇ ਜ਼ੁਲਮ ਕਰਨ ਵਾਲੇ ਨਿਰਦਈਆਂ ਨੂੰ ਕੌਣ ਰੋਕ ਸਕਦਾ ਸੀ। ਗੁਰੂ ਜੀ ਨੇ ਬਾਕੀ ਲੋਕਾਂ ਨੂੰ ਇਹ ਹੁੰਦਾ ਅਨਿਆਂ ਦੱਸਣ ਲਈ ਸ਼ਬਦ ਦਾ ਗਾਇਨ ਸ਼ੁਰੂ ਕੀਤਾ :

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ *—ਸਲੋਕੁ ਵਾਰਾਂ ਤੇ ਵਧੀਕ, ਪੰਨਾ 1412*

ਗੁਰੂ ਜੀ ਦਾ ਸ਼ਬਦ ਸੁਣ ਕੇ ਆਸੇ-ਪਾਸੇ ਦੇ ਲੋਕੀਂ ਇਕੱਠੇ ਹੋ ਗਏ। ਸ਼ਬਦ ਦਾ ਭੋਗ ਪੈਣ ਉਪ੍ਰੰਤ ਦੁਨੀ ਚੰਦ ਦੇ ਆਦਮੀਆਂ ਨੇ ਗੁਰੂ ਜੀ ਨੂੰ ਦੁਨੀ ਚੰਦ ਦੇ ਘਰ ਚੱਲਣ ਦੀ ਬੇਨਤੀ ਕੀਤੀ। ਗੁਰੂ ਜੀ ਬੇਨਤੀ ਮੰਨ ਕੇ ਉਨ੍ਹਾਂ ਨਾਲ ਚਲੇ ਗਏ। ਗੁਰੂ ਜੀ ਨੇ ਦੁਨੀ ਚੰਦ ਦੇ ਘਰ ਵਿਚ ਬੜੀ ਰੌਣਕ ਦੇਖ ਕੇ ਪੁੱਛਿਆ, "ਦੁਨੀ ਚੰਦ, ਅੱਜ ਤੇਰੇ ਘਰ ਵਿਚ ਕਿਸ ਗੱਲ ਦੀ ਖ਼ੁਸ਼ੀ ਹੈ ?" ਦੁਨੀ ਚੰਦ ਨੇ ਉੱਤਰ ਦਿੱਤਾ, "ਭਗਤ ਜੀ, ਮੈਂ ਹਰ ਸਾਲ ਦੀ ਤਰ੍ਹਾਂ ਅੱਜ ਆਪਣੇ ਪਿਤਾ ਦਾ ਸ਼ਰਾਧ ਕਰ ਰਿਹਾ ਹਾਂ। ਇੱਕ ਸੌ ਬ੍ਰਾਹਮਣਾਂ ਨੂੰ ਪਿਤਾ ਦੇ ਨਮਿੱਤ ਭੋਜਨ ਖੁਆ ਰਿਹਾ ਹਾਂ ਅਤੇ ਦਾਨ ਦੇ ਰਿਹਾ ਹਾਂ। ਬ੍ਰਾਹਮਣਾਂ ਨੂੰ ਖੁਆਇਆ ਮੇਰਾ ਇਹ ਭੋਜਨ ਮੇਰੇ ਪਿਤਾ ਤਕ ਪਹੁੰਚ ਜਾਵੇਗਾ ਜਿਸ ਨਾਲ ਉਹ ਇੱਕ ਸਾਲ ਲਈ ਭੁੱਖ ਵੱਲੋਂ ਤ੍ਰਿਪਤ ਹੋ ਜਾਣਗੇ।"

ਗੁਰੂ ਜੀ ਨੇ ਉਸਨੂੰ ਇਕ ਸੂਈ ਦੇ ਕੇ ਕਿਹਾ, "ਦੁਨੀ ਚੰਦ, ਇਹ ਸੂਈ ਰਖ ਲੈ। ਅਸੀਂ ਤੇਰੇ ਪਾਸੋਂ ਦੂਜੇ ਜਹਾਨ ਵਿਚ ਲੈ ਲਵਾਂਗੇ।" ਦੁਨੀ ਚੰਦ ਨੇ ਕਿਹਾ, "ਭਗਤ ਜੀ, ਇਹ ਤਾਂ ਤੁਸੀਂ ਮੇਰੇ ਨਾਲ ਮਖ਼ੌਲ ਕਰਦੇ ਹੋ। ਇਹ ਸੂਈ ਮੈਂ ਕਿਵੇਂ ਦੂਜੇ ਜਹਾਨ ਵਿਚ ਨਾਲ ਲੈ ਕੇ ਜਾ ਸਕਦਾ ਹਾਂ ?" ਗੁਰੂ ਜੀ ਨੇ ਕਿਹਾ, "ਇਹ ਤਾਂ ਬੜਾ ਸੌਖਾ ਹੈ। ਉਵੇਂ ਹੀ ਜਿਵੇਂ ਇਹ ਬ੍ਰਾਹਮਣ ਖੀਰ ਪੂੜੇ ਖਾ ਕੇ ਤੇਰੇ ਪਿਤਾ ਨੂੰ ਦੂਜੇ ਜਹਾਨ ਵਿਚ ਭੇਜਦੇ ਹਨ। ਇੱਕ ਦਿਨ ਖੀਰ ਪੂੜੇ ਖਾ ਕੇ ਇਹ ਸਾਰਾ ਸਾਲ ਉਸ ਨੂੰ ਦਿੰਦੇ ਰਹਿੰਦੇ ਹਨ।" ਗੁਰੂ ਜੀ ਦਾ ਉੱਤਰ ਸੁਣ ਕੇ ਦੁਨੀ ਚੰਦ ਨੂੰ ਬ੍ਰਾਹਮਣਾਂ ਦੇ ਆਪਣੇ ਪੇਟ ਲਈ ਰਚੇ ਹੋਏ ਪਖੰਡਾਂ ਦੀ ਸਮਝ ਪੈ ਗਈ। ਦੁਨੀ ਚੰਦ ਨੇ ਪੁੱਛਿਆ, "ਭਗਤ ਜੀ, ਇਹ ਖੀਰ, ਪੂੜੇ ਅਤੇ ਧਨ-ਮਾਲ ਜੇ ਬ੍ਰਾਹਮਣ ਨਹੀਂ ਪਹੁੰਚਾ ਸਕਦੇ ਤਾਂ ਇਹ ਨਾਲ ਕਿਵੇਂ ਜਾ ਸਕਦੇ ਹਨ ?" ਗੁਰੂ ਜੀ ਨੇ ਉੱਤਰ ਦਿੱਤਾ, "ਹੱਕ ਹਲਾਲ ਦੀ ਕਮਾਈ, ਦੂਜੇ ਲੋੜਵੰਦ ਗ਼ਰੀਬਾਂ ਨਾਲ ਵੰਡ ਕੇ ਛਕਣ ਨਾਲ, ਸਿੱਧੀ ਦੂਜੇ ਜਹਾਨ ਵਿਚ ਨਾਲ ਚਲੀ ਜਾਂਦੀ ਹੈ। ਇਸਨੂੰ ਲੈ ਕੇ ਜਾਣ ਵਿਚ ਕਿਸੇ ਵਿਚੋਲੇ ਦੀ ਲੋੜ ਨਹੀਂ। ਹਰਾਮ ਦੀ ਕਮਾਈ, ਪੂਜਾ-ਪਾਠ ਕਰਨ ਨਾਲ ਜਾਂ ਕਲਮਾ ਪੜ੍ਹਨ ਨਾਲ ਹੱਕ ਦੀ ਨਹੀਂ ਬਣਦੀ ਅਤੇ ਨਾ ਹੀ ਦੂਜੇ ਜਹਾਨ ਵਿਚ ਨਾਲ ਜਾਂਦੀ ਹੈ।


ਰਿਵਾਜ਼ੀ ਭਰਮ
ILLUSION OF RITUALS

Honest Living

After explaining some merits of truthful living at Lahore, Guru Nanak came to Talwandi to see his parents. Taking permission from them, he took Bhai Mardana with him and embarked on a long journey to the Hindu sacred places of pilgrimage. From Talwandi they reached Bhai Lalo's workshop at Saidpur which is now known as Aimanabad in Pakistan. Bhai Lalo was a carpenter of Ghataora caste who earned his living by honest labour. When Bhai Lalo saw two saints coming towards him, he put aside the work in hand and laid a bed for them. It was time for lunch so he went to prepare the meal.

After preparing the meal, Bhai Lalo requested Guru Nanak to come to the kitchen and eat his meal there. Guru Nanak said, "Bhai Lalo, every place is clean and pure for us. Please bring the meal here." Bhai Lalo obeyed the command of Guru Nanak and brought the meals to them. At the bidding of Guru Nanak, Bhai Mardana divided the meal into three parts and all ate it sitting together. After eating the meal, Bhai Mardana asked Guru Nanak, "This meal tasted like nectar. What had been put in it ?" Guru Nanak replied, "Bhai Mardana, this was the taste of truthful earning which you tasted. This taste is above the taste of worldly delicacies."

On the third day, when Guru Nanak started to leave, Bhai Lalo requested Guru Nanak to stay on for a month. One day Malik Bhago, a high government official of the city, gave a general feast. He invited Guru Nanak to the feast. Guru Nanak declined the invitation saying, "We are fakirs. What have we to do with your feast ?" On receiving the second request from Malik Bhago, Guru Nanak took Bhai Lalo with him and went to Malik Bhago's residence. Malik Bhago said to Guru Nanak in great anger, "You are dishonouring Kshatris by eating dry chapaties in the house of a low caste carpenter. I invited you to this feast which offers delicious food. Why are you refusing to eat this ?"

In order to make Malik Bhago understand, Guru Nanak took Bhai Lalo's dry chapati in his right hand and Malik Bhago's fried sweet cake in his left hand. When he pressed the right hand fist pointing it towards the poor, people saw that drops of milk of honest labour were dripping from it. When Guru Nanak pressed the fried sweet cake held in his left hand and pointed it towards the rich, the onlookers saw blood trickling from it.

Guru Nanak said, "Look Malik Bhago, wealth accumulated by cruelty towards the poor is like sucking their blood. Money collected retained the blood of the poor. You had invited me to partake of blood, leaving food pure as milk. How could I accept it ?" Hearing this Malik Bhago fell silent.


ਹੱਕ ਦੀ ਕਮਾਈ

ਗੁਰੂ ਜੀ ਲਾਹੌਰ ਵਿਚ ਹੱਕ ਦੀ ਕਮਾਈ ਦੀ ਵਿਸ਼ੇਸ਼ਤਾ ਦੱਸ ਕੇ ਮਾਤਾ ਪਿਤਾ ਨੂੰ ਮਿਲਣ ਤਲਵੰਡੀ ਆਏ। ਉਨ੍ਹਾਂ ਪਾਸੋਂ ਆਗਿਆ ਲੈ ਕੇ ਉਨ੍ਹਾਂ ਭਾਈ ਮਰਦਾਨੇ ਨੂੰ ਨਾਲ ਲਿਆ ਅਤੇ ਹਿੰਦੂ ਤੀਰਥਾਂ ਦੀ ਲੰਬੀ ਫੇਰੀ ਉੱਪਰ ਚਲ ਪਏ। ਤਲਵੰਡੀ ਤੋਂ ਚੱਲ ਕੇ ਦੋਵੇਂ ਭਾਈ ਲਾਲੋ ਦੇ ਕਾਰਖ਼ਾਨੇ ਸੈਦਪੁਰ ਪੁੱਜੇ, ਜਿਸ ਨੂੰ ਅੱਜ-ਕੱਲ੍ਹ ਐਮਨਾਬਾਦ ਕਹਿੰਦੇ ਹਨ। ਭਾਈ ਲਾਲੋ ਨੇ ਜਦੋਂ ਦੋ ਪ੍ਰਦੇਸੀ ਸਾਧੂਆਂ ਨੂੰ ਆਪਣੇ ਵੱਲ ਆਉਂਦੇ ਤੱਕਿਆ ਤਾਂ ਉਸ ਨੇ ਹੱਥ ਵਿਚਲਾ ਕੰਮ ਛੱਡ ਕੇ ਉਨ੍ਹਾਂ ਲਈ ਮੰਜਾ ਵਿਛਾ ਦਿੱਤਾ। ਖਾਣੇ ਦਾ ਵੇਲਾ ਸੀ। ਭਾਈ ਲਾਲੋ ਨੇ ਖਾਣਾ ਤਿਆਰ ਕਰ ਕੇ ਗੁਰੂ ਜੀ ਨੂੰ ਰਸੋਈ ਵਿਚ ਬੈਠ ਕੇ ਖਾਣਾ ਖਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, “ਭਾਈ ਲਾਲੋ, ਸਾਡੇ ਲਈ ਹਰ ਥਾਂ ਪਵਿੱਤਰ ਹੈ। ਖਾਣਾ ਏਥੇ ਹੀ ਲੈ ਆ।” ਭਾਈ ਲਾਲੋ ਗੁਰੂ ਜੀ ਦਾ ਹੁਕਮ ਮੰਨ ਕੇ ਖਾਣਾ ਉਨ੍ਹਾਂ ਪਾਸ ਲੈ ਆਇਆ। ਗੁਰੂ ਜੀ ਦੇ ਕਹਿਣ ਉੱਪਰ ਭਾਈ ਮਰਦਾਨੇ ਨੇ ਖਾਣੇ ਦੇ ਤਿੰਨ ਹਿੱਸੇ ਕੀਤੇ ਅਤੇ ਸਾਰਿਆਂ ਇਕ ਥਾਂ ਬੈਠ ਕੇ ਖਾਧਾ। ਖਾਣਾ ਖਾਣ ਪਿੱਛੋਂ ਭਾਈ ਮਰਦਾਨੇ ਨੇ ਪੁੱਛਿਆ, “ਗੁਰੂ ਜੀ, ਇਸ ਖਾਣੇ ਵਿਚ ਅੰਮ੍ਰਿਤ ਦਾ ਸਵਾਦ ਆ ਰਿਹਾ ਸੀ। ਇਸ ਵਿਚ ਕੀ ਪਾਇਆ ਸੀ ?” ਗੁਰੂ ਜੀ ਨੇ ਉੱਤਰ ਦਿੱਤਾ, “ਭਾਈ ਮਰਦਾਨਿਆ, ਇਹ ਹੱਕ ਹਲਾਲ ਦੀ ਕਮਾਈ ਦਾ ਸਵਾਦ ਸੀ ਜਿਹੜਾ ਤੂੰ ਇਸ ਖਾਣੇ ਵਿਚ ਚੱਖਿਆ ਸੀ। ਇਹ ਸਵਾਦ ਦੁਨਿਆਵੀ ਪਦਾਰਥਾਂ ਦੇ ਸਵਾਦਾਂ ਤੋਂ ਉੱਪਰ ਹੈ।”

ਤੀਜੇ ਦਿਨ ਗੁਰੂ ਜੀ ਜਾਣ ਲਈ ਤਿਆਰ ਹੋਏ ਤਾਂ ਭਾਈ ਲਾਲੋ ਨੇ ਬੇਨਤੀ ਕਰ ਕੇ ਇੱਕ ਮਹੀਨੇ ਲਈ ਰੱਖ ਲਿਆ। ਗੁਰੂ ਜੀ ਅਤੇ ਭਾਈ ਲਾਲੋ ਇੱਕ ਦੂਜੇ ਨੂੰ ਇਸ ਤਰ੍ਹਾਂ ਕਰਤਾਰ ਦੀਆਂ ਗੱਲਾਂ-ਬਾਤਾਂ ਦੱਸਦੇ ਜਿਵੇਂ ਇੱਕ ਦੁਖੀ ਆਦਮੀ ਆਪਣੇ ਦੁੱਖ ਦੂਜੇ ਨੂੰ ਦੱਸਦਾ ਹੈ। ਇੱਕ ਦਿਨ ਸ਼ਹਿਰ ਦੇ ਇੱਕ ਵੱਡੇ ਸਰਕਾਰੀ ਕਰਮਚਾਰੀ ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ। ਉਸਨੇ ਗੁਰੂ ਜੀ ਨੂੰ ਵੀ ਬ੍ਰਹਮ ਭੋਜ ਵਿਚ ਆਉਣ ਲਈ ਸੱਦਾ ਭੇਜਿਆ। ਗੁਰੂ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ, “ਅਸੀਂ ਤਾਂ ਫ਼ਕੀਰ ਹਾਂ। ਸਾਡਾ ਬ੍ਰਹਮ ਭੋਜ ਨਾਲ ਕੀ ਵਾਸਤਾ।”

ਮਲਕ ਭਾਗੋ ਦੇ ਦੁਬਾਰਾ ਸੱਦਾ ਭੇਜਣ ਉੱਪਰ, ਗੁਰੂ ਜੀ ਭਾਈ ਲਾਲੋ ਨੂੰ ਨਾਲ ਲੈ ਕੇ ਬ੍ਰਹਮ ਭੋਜ ਵਿਚ ਪੁੱਜ ਗਏ। ਮਲਕ ਭਾਗੋ ਨੇ ਬੜੇ ਗ਼ੁੱਸੇ ਵਿਚ ਗੁਰੂ ਜੀ ਨੂੰ ਕਿਹਾ, “ਤੂੰ ਇਕ ਸ਼ੂਦਰ ਤਰਖਾਣ ਦੇ ਘਰ ਸੁੱਕੀਆਂ ਰੋਟੀਆਂ ਖਾ ਕੇ, ਕਸ਼ੱਤ੍ਰੀਆਂ ਦੀ ਬੇਇਜ਼ਤੀ ਕਰ ਰਿਹਾ ਹੈਂ। ਮੈਂ ਤੈਨੂੰ ਇਸ ਬ੍ਰਹਮ ਭੋਜ ਵਿਚ ਸੱਦਿਆ ਜਿਸ ਵਿਚ ਕੜਾਹ ਪੂੜੇ ਹਨ। ਇਹ ਖਾਣ ਤੋਂ ਤੂੰ ਨਾਂਹ ਕਿਉਂ ਕਰ ਰਿਹਾ ਹੈਂ ?” ਗੁਰੂ ਜੀ ਨੇ ਮਲਕ ਭਾਗੋ ਨੂੰ ਸਮਝਾਉਣ ਲਈ, ਸੱਜੇ ਹੱਥ ਵਿਚ ਭਾਈ ਲਾਲੋ ਦੀ ਸੁੱਕੀ ਰੋਟੀ ਫੜ ਲਈ ਅਤੇ ਖੱਬੇ ਹੱਥ ਵਿਚ ਮਲਕ ਭਾਗੋ ਦਾ ਪੂੜਾ ਫੜ ਲਿਆ। ਸੱਜਾ ਹੱਥ ਗ਼ਰੀਬਾਂ ਵੱਲ ਕਰ ਕੇ ਘੁੱਟਿਆ ਤਾਂ ਲੋਕਾਂ ਦੇਖਿਆ ਕਿ ਉਸ ਵਿੱਚੋਂ ਹੱਕ ਹਲਾਲ ਦੀ ਕਮਾਈ ਦਾ ਦੁੱਧ ਚੋ ਰਿਹਾ ਸੀ। ਗੁਰੂ ਜੀ ਨੇ ਜਦੋਂ ਖੱਬੇ ਹੱਥ ਵਾਲਾ ਪੂੜਾ ਅਮੀਰਾਂ ਵੱਲ ਕਰ ਕੇ ਘੁੱਟਿਆ ਤਾਂ ਉਸ ਵਿੱਚੋਂ ਦੇਖਣ ਵਾਲਿਆਂ ਨੂੰ ਖ਼ੂਨ ਵਗਦਾ ਨਜ਼ਰ ਆਇਆ।

ਗੁਰੂ ਜੀ ਨੇ ਕਿਹਾ, “ਦੇਖ ਮਲਕ ਭਾਗੋ, ਗ਼ਰੀਬਾਂ ਉੱਪਰ ਜ਼ੁਲਮ ਕਰ ਕੇ ਇਕੱਠਾ ਕੀਤਾ ਧਨ ਉਨ੍ਹਾਂ ਦਾ ਖ਼ੂਨ ਚੂਸਣ ਦੇ ਬਰਾਬਰ ਹੈ। ਗ਼ਰੀਬਾਂ ਪਾਸੋਂ ਇਸ ਤਰ੍ਹਾਂ ਇਕੱਠਾ ਕੀਤਾ ਧਨ, ਪੁੰਨ ਕਰਨ ਨਾਲ ਪਵਿੱਤਰ ਨਹੀਂ ਬਣਦਾ। ਉਹ ਕਮਾਇਆ ਧਨ, ਗ਼ਰੀਬਾਂ ਦਾ ਖ਼ੂਨ ਹੀ ਰਹਿੰਦਾ ਹੈ। ਤੂੰ ਮੈਨੂੰ ਦੁੱਧ ਵਰਗੀ ਪਵਿੱਤਰ ਵਸਤੂ ਛੱਡ ਕੇ ਖ਼ੂਨ ਪੀਣ ਦਾ ਸੱਦਾ ਦਿੱਤਾ ਸੀ। ਇਹ ਮੈਂ ਕਿਵੇਂ ਸਵੀਕਾਰ ਕਰ ਸਕਦਾ ਸੀ?” ਇਹ ਸੁਣ ਕੇ ਮਲਕ ਭਾਗੋ ਚੁੱਪ ਕਰ ਗਿਆ।


ਹੱਕ ਦੀ ਕਮਾਈ
HONEST LIVING

A Happening at Haridwar

Guru Nanak reached Haridwar where Hindus say their last farewell to the ashes of their dead in the river Ganges. They have a belief that the one whose ashes are put in the river Ganges,remains eternally in heaven. Guru Nanak saw thousands of men and women bathing in the river. He also took off his clothes, handed them to Bhai Mardana and descended into the river to bathe.

Those who were bathing in the river were throwing water with their hands towards the East. Guru Nanak started throwing water towards the West. Those who were throwing water towards the East,were wonderstruck at seeing Guru Nanak throwing water towards the West. One of them took courage and asked Guru Nanak, "Brother, are you a Hindu or a Muslim ? Don't you know even this that water is thrown towards the East ?" Guru Nanak stopped throwing water and asked the questioner, "Brother, why is this water thrown towards the East ?" He replied, "Don't you know even this that our ancestors live in the abode of gods ? They died due to the lack of water. We give them water."

Guru Nanak again asked that person, "How far from Haridwar do your ancestors live ?" He replied, "They live even beyond the Sun, millions of miles away." Guru Nanak said, "Does this water thrown by you reach them ?" He replied, "Brahmins tell us that the water thrown by us does reach them. Their thirst is quenched by our water. If we do not throw water they are tormented by thirst."

Hearing this reply from him, Guru Nanak started throwing water towards the West vigorously. That man again asked Guru Nanak, "Why do you throw water towards the West when the ancestors live towards the East." Guru Nanak replied, "My ancestors are not dying of thirst but my fields in Punjab are drying due to lack of rain. I am watering them."

That man said, "How can this water thrown by you reach Punjab ?" Guru Nanak replied, "If water thrown by you can reach your ancestors millions of miles away, why can this water which I am throwing not reach a place two hundred miles away ?" Some of the listeners came to understand, what Guru Nanak said. They realised that the water which they were throwing,returned to the river. Some stopped throwing water but those who have not understood,continue throwing it towards the East to this day.

Those who throw water towards the East,have forgotten that originally they were asked to offer water to the rising Sun and not towards the East. People who have to give water to the rising Sun,must get out of bed before sunrise. Anyone who wakes up before dawn,cannot be lazy. People who are active,are less likely to fall ill. Poverty is less likely to afflict them. They are free from want and hunger. Their houses are free from quarrels. The custom of giving water was started to shake off laziness but the greed of Brahmins turned it into hypocrisy.

ਹਰਿਦੁਆਰ ਦੀ ਸਾਖੀ


ਗੁਰੂ ਜੀ ਹਰਿਦੁਆਰ ਪੁੱਜੇ ਜਿੱਥੇ ਹਿੰਦੂ ਆਪਣੇ ਬਜ਼ੁਰਗਾਂ ਦੇ ਅਸਤ ਗੰਗਾ ਦਰਿਆ ਵਿਚ ਪਾਉਣ ਜਾਂਦੇ ਹਨ। ਉਨ੍ਹਾਂ ਨੂੰ ਭਰੋਸਾ ਹੈ ਕਿ ਜਿਸ ਦੇ ਅਸਤ ਗੰਗਾ ਵਿਚ ਪਾਏ ਜਾਣ ਉਹ ਸਦਾ ਲਈ ਸਵਰਗ ਵਿਚ ਰਹਿੰਦਾ ਹੈ। ਗੁਰੂ ਜੀ ਨੇ ਗੰਗਾ ਦਰਿਆ ਵਿਚ ਹਜ਼ਾਰਾਂ ਹੀ ਔਰਤਾਂ ਅਤੇ ਮਰਦਾਂ ਨੂੰ ਇਸ਼ਨਾਨ ਕਰਦੇ ਦੇਖਿਆ। ਉਨ੍ਹਾਂ ਨੇ ਵੀ ਆਪਣੇ ਕਪੜੇ ਉਤਾਰ ਕੇ ਭਾਈ ਮਰਦਾਨੇ ਨੂੰ ਸੌਂਪ ਦਿੱਤੇ ਅਤੇ ਆਪ ਨਹਾਉਣ ਲਈ ਦਰਿਆ ਵਿਚ ਉਤਰ ਗਏ।

ਗੰਗਾ ਵਿਚ ਇਸ਼ਨਾਨ ਕਰਨ ਵਾਲੇ, ਹੱਥਾਂ ਨਾਲ ਦਰਿਆ ਦਾ ਪਾਣੀ ਪੂਰਬ ਵੱਲ ਸੁੱਟਦੇ ਸਨ। ਗੁਰੂ ਜੀ ਨੇ ਪੱਛਮ ਵੱਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਪੂਰਬ ਵੱਲ ਪਾਣੀ ਸੁੱਟਣ ਵਾਲੇ ਗੁਰੂ ਜੀ ਨੂੰ ਪੱਛਮ ਵੱਲ ਪਾਣੀ ਸੁੱਟਦਾ ਦੇਖ ਕੇ ਬਹੁਤ ਹੈਰਾਨ ਹੋਏ। ਉਨ੍ਹਾਂ ਵਿੱਚੋਂ ਇੱਕ ਨੇ ਹਿੰਮਤ ਕਰ ਕੇ ਗੁਰੂ ਜੀ ਨੂੰ ਪੁੱਛਿਆ, "ਭਾਈ, ਤੂੰ ਹਿੰਦੂ ਏਂ ਜਾਂ ਮੁਸਲਮਾਨ ? ਤੈਨੂੰ ਇਹ ਵੀ ਨਹੀਂ ਪਤਾ ਕਿ ਪਾਣੀ ਪੂਰਬ ਵੱਲ ਸੁੱਟਿਆ ਜਾਂਦਾ ਹੈ।" ਗੁਰੂ ਜੀ ਨੇ ਪਾਣੀ ਸੁੱਟਣਾ ਬੰਦ ਕਰ ਕੇ ਸਵਾਲ ਕਰਨ ਵਾਲੇ ਨੂੰ ਪੁੱਛਿਆ, "ਭਾਈ, ਇਹ ਪਾਣੀ ਪੂਰਬ ਵੱਲ ਕਿਉਂ ਸੁੱਟਿਆ ਜਾਂਦਾ ਹੈ ?" ਉਸਨੇ ਉੱਤਰ ਦਿੱਤਾ, "ਤੈਨੂੰ ਇਹ ਵੀ ਨਹੀਂ ਪਤਾ ਕਿ ਸਾਡੇ ਪਿੱਤਰ ਦੇਵਲੋਕ ਵਿਚ ਰਹਿੰਦੇ ਹਨ, ਜਿਹੜੇ ਪਾਣੀ ਦੇ ਘਾਟੇ ਕਾਰਨ ਮਰੇ ਸਨ। ਅਸੀਂ ਉਨ੍ਹਾਂ ਨੂੰ ਪਾਣੀ ਦਿੰਦੇ ਹਾਂ।"

ਗੁਰੂ ਜੀ ਨੇ ਅੱਗੋਂ ਫਿਰ ਉਸ ਭਾਈ ਨੂੰ ਪੁੱਛਿਆ, "ਤੁਹਾਡੇ ਪਿੱਤਰ ਹਰਿਦੁਆਰ ਤੋਂ ਕਿੰਨੀ ਦੂਰ ਹਨ ?" ਉਸਨੇ ਉੱਤਰ ਦਿੱਤਾ, "ਸੂਰਜ ਤੋਂ ਪਰੇ, ਲੱਖਾਂ ਮੀਲ ਦੂਰ ਦੇਵਲੋਕ ਵਿਚ ਰਹਿੰਦੇ ਹਨ।" ਗੁਰੂ ਜੀ ਨੇ ਕਿਹਾ, "ਕੀ ਇਹ ਤੁਹਾਡਾ ਸੁੱਟਿਆ ਪਾਣੀ ਉਨ੍ਹਾਂ ਤਕ ਪੁੱਜ ਜਾਂਦਾ ਹੈ ?" ਉਸਨੇ ਉੱਤਰ ਦਿੱਤਾ, "ਬ੍ਰਾਹਮਣ ਤਾਂ ਇਹੀ ਕਹਿੰਦੇ ਹਨ ਕਿ ਸਾਡਾ ਸੁੱਟਿਆ ਪਾਣੀ ਉਨ੍ਹਾਂ ਕੋਲ ਪੁੱਜ ਜਾਂਦਾ ਹੈ। ਉਨ੍ਹਾਂ ਦੀ ਪਿਆਸ ਬੁਝ ਜਾਂਦੀ ਹੈ। ਜੇ ਅਸੀਂ ਪਾਣੀ ਨਾ ਸੁੱਟੀਏ ਤਾਂ ਉਹ ਪਿਆਸ ਨਾਲ ਤੜਫਦੇ ਰਹਿੰਦੇ ਹਨ।"

ਗੁਰੂ ਜੀ ਨੇ ਉਸਦਾ ਇਹ ਉੱਤਰ ਸੁਣ ਕੇ, ਬੜੀ ਤੇਜ਼ ਤੇਜ਼ ਪਾਣੀ ਪੱਛਮ ਵੱਲ ਸੁੱਟਣਾ ਸ਼ੁਰੂ ਕਰ ਦਿੱਤਾ। ਉਸ ਭਾਈ ਨੇ ਗੁਰੂ ਜੀ ਨੂੰ ਫਿਰ ਪੁੱਛਿਆ, "ਤੂੰ ਪੱਛਮ ਵੱਲ ਪਾਣੀ ਕਿਉਂ ਸੁੱਟਦਾ ਹੈਂ ? ਪਿੱਤਰ ਤਾਂ ਸੂਰਜ ਲੋਕ ਤੋਂ ਪਰੇ ਪੂਰਬ ਵੱਲ ਹਨ।" ਗੁਰੂ ਜੀ ਨੇ ਕਿਹਾ, "ਮੇਰੇ ਪਿੱਤਰ ਪਿਆਸ ਨਾਲ ਨਹੀਂ ਮਰ ਰਹੇ ਪਰ ਮੇਰੇ ਖੇਤ ਪੰਜਾਬ ਵਿਚ ਮੀਂਹ ਦੇ ਘਾਟੇ ਕਾਰਣ ਸੁੱਕ ਰਹੇ ਹਨ। ਮੈਂ ਉਨ੍ਹਾਂ ਨੂੰ ਪਾਣੀ ਦੇ ਰਿਹਾ ਹਾਂ।" ਉਸ ਭਾਈ ਨੇ ਕਿਹਾ, "ਇਹ ਤੇਰਾ ਸੁੱਟਿਆ ਪਾਣੀ ਪੰਜਾਬ ਵਿਚ ਕਿਵੇਂ ਪੁੱਜ ਸਕਦਾ ਹੈ ?" ਗੁਰੂ ਜੀ ਨੇ ਕਿਹਾ, "ਜੇ ਤੁਹਾਡਾ ਸੁੱਟਿਆ ਪਾਣੀ ਲੱਖਾਂ ਮੀਲ ਦੂਰ ਪਿੱਤਰਾਂ ਕੋਲ ਪੁੱਜ ਸਕਦਾ ਹੈ ਤਾਂ ਕੀ ਇਹ ਮੇਰਾ ਸੁੱਟਿਆ ਪਾਣੀ ਦੋ ਸੌ ਮੀਲ ਦੂਰ ਨਹੀਂ ਪੁੱਜ ਸਕਦਾ !" ਜਿਨ੍ਹਾਂ ਨੂੰ ਗੁਰੂ ਜੀ ਦੇ ਦੱਸਣ ਦੀ ਸਮਝ ਪੈ ਗਈ, ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਹੱਥਾਂ ਨਾਲ ਸੁੱਟਿਆ ਪਾਣੀ ਮੁੜ ਦਰਿਆ ਵਿਚ ਪੈ ਜਾਂਦਾ ਹੈ, ਉਨ੍ਹਾਂ ਪਾਣੀ ਸੁੱਟਣਾ ਛੱਡ ਦਿੱਤਾ ਪਰ ਜਿਨ੍ਹਾਂ ਨੂੰ ਸਮਝ ਨਹੀਂ ਪਈ ਉਹ ਪਾਣੀ ਹੁਣ ਤਕ ਪੂਰਬ ਵੱਲ ਸੁੱਟਦੇ ਆ ਰਹੇ ਹਨ।

ਪੂਰਬ ਵੱਲ ਪਾਣੀ ਸੁੱਟਣ ਵਾਲੇ ਭੁੱਲ ਗਏ ਹਨ ਕਿ ਉਨ੍ਹਾਂ ਨੂੰ ਚੜ੍ਹਦੇ ਸੂਰਜ ਨੂੰ ਪਾਣੀ ਦੇਣ ਲਈ ਕਿਹਾ ਸੀ ਨਾ ਕਿ ਪੂਰਬ ਵੱਲ ਪਾਣੀ ਸੁੱਟਣ ਲਈ। ਚੜ੍ਹਦੇ ਸੂਰਜ ਨੂੰ ਪਾਣੀ ਦੇਣ ਵਾਲੇ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਉੱਠਣਾ ਜ਼ਰੂਰੀ ਹੈ। ਇਸ ਤਰ੍ਹਾਂ ਸੂਰਜ ਚੜ੍ਹਨ ਤੋਂ ਪਹਿਲਾਂ ਉੱਠਣ ਵਾਲਾ ਸੁਸਤ ਨਹੀਂ ਹੋ ਸਕਦਾ। ਜਿਹੜਾ ਚੁਸਤ ਹੈ ਉਸ ਪਾਸ ਬੀਮਾਰੀ ਨਹੀਂ। ਉਸਦੇ ਘਰ ਵਿਚ ਗ਼ਰੀਬੀ ਨਹੀਂ ਰਹਿ ਸਕਦੀ। ਉਸਦੇ ਘਰ ਨੰਗ ਭੁੱਖ ਨਹੀਂ ਹੁੰਦੀ। ਉਸ ਦੇ ਘਰ ਲੜਾਈ ਝਗੜਾ ਨਹੀਂ ਹੁੰਦਾ। ਪਾਣੀ ਦੇਣ ਦਾ ਰਵਾਜ ਸੁਸਤੀ ਦੂਰ ਕਰਨ ਲਈ ਸ਼ੁਰੂ ਕੀਤਾ ਗਿਆ ਸੀ ਪਰ ਬ੍ਰਾਹਮਣਾਂ ਦੇ ਲਾਲਚ ਨੇ ਇਸ ਨੂੰ ਪਖੰਡ ਵਿਚ ਬਦਲ ਦਿੱਤਾ।


ਹਰਦੁਆਰ ਦੀ ਸਾਖੀ
A HAPPENING AT HARIDWAR

Truth, the Universal Cure

On his journey to Assam, one day Guru Nanak reached a village of Dhaka. A well-known landlord named Bhoomiya lived in that village. His work consisted of robbing wayfarers in the day and breaking into other people's houses at night. He ran a free kitchen in his house for travellers, in which meals were available all day long and the travellers could spend the night in the inn specially built for them. He had ordered everyone in the village, "Send the traveller who comes to the village, straight to my house. I will rob the house of the person who tries to disobey me." Obeying his order, the villagers sent Guru Nanak to his house.

That day Bhoomiya was at home. He prepared the meal and brought it to Guru Nanak and Bhai Mardana. Before starting to eat the meal, Guru Nanak asked, "Brother, how do you earn your living ?" In his opinion, it was a great benefaction to steal and give charity. Bhoomiya thought this to be a service to mankind. He had the belief that stolen wealth becomes legitimate by the blessing of others. He told Guru Nanak the truth about what he was doing. Guru Nanak said, "We cannot eat your meals unless you give us a promise to give up this evil work."

He said, "Stealing is my hereditary profession. I cannot give it up." Guru Nanak said, "Do not leave stealing if you wish but agree to these three things; (1) Do not rob the poor. (2) Always speak the truth. (3) Do not deceive or steal from the person of whose salt you have tasted." On his agreeing to the conditions, Guru Nanak accepted his meals.

In accordance with the word given to Guru Nanak, Bhoomiya gave up breaking into the houses of the poor and stopped robbing the poor. One night, dressing himself elegantly and riding a horse, he went to his Raja's palace to steal. The watchman asked, "Who are you ?" Bhoomiya spoke the truth, "Thief." The watchman took it as a joke and allowed him to move on. Bhoomiya went inside the palace and collected precious things. When he was ready to move, he saw a gold plate containing something. While lifting the plate, he tasted what it contained. That was salt. Leaving everything there, Bhoomiya returned home.

The next day, the Raja observed that someone had tried to commit a theft. To find out the thief, he began beating up people. When Bhoomiya saw poor innocent people being beaten, he presented himself before the Raja and said, "I am your thief. Please punish me and leave the poor people alone." The Raja asked, "Why did you not take anything away ?" Bhoomiya narrated how Guru Nanak had made him believe that all his sins would be pardoned by acting upon his advice.

The Raja said, "I am very pleased with you for speaking the truth. I have pardoned your sins. I am ready to keep a truthful person like you as my minister."

A truthful person is pardoned of his sins.


ਸੱਚ ਸਭਨਾ ਦਾਰੂ

ਗੁਰੂ ਜੀ ਆਸਾਮ ਦੇਸ਼ ਦੀ ਫੇਰੀ ਉੱਪਰ ਇੱਕ ਦਿਨ ਢਾਕੇ ਦੇ ਇਕ ਪਿੰਡ ਪੁੱਜੇ। ਉਸ ਪਿੰਡ ਵਿਚ ਭੂਮੀਏ ਨਾਂ ਦਾ ਇਕ ਬੜਾ ਮੋਟਾ ਤਾਜ਼ਾ ਜ਼ਿਮੀਂਦਾਰ ਰਹਿੰਦਾ ਸੀ। ਉਸਦਾ ਕੰਮ ਸੀ ਦਿਨ ਨੂੰ ਰਾਹੀਆਂ ਨੂੰ ਲੁੱਟਣਾ ਅਤੇ ਰਾਤ ਨੂੰ ਘਰਾਂ ਵਿਚ ਚੋਰੀਆਂ ਕਰਨਾ। ਉਸਨੇ ਆਪਣੇ ਘਰ ਵਿਚ ਰਾਹੀਆਂ ਲਈ ਲੰਗਰ ਲਗਾ ਰਖਿਆ ਸੀ, ਜਿਸ ਵਿਚ ਹਰ ਸਮੇਂ ਰੋਟੀ ਮਿਲ ਸਕਦੀ ਸੀ ਅਤੇ ਰਾਤ ਕੱਟਣ ਲਈ ਰਾਹੀਆਂ ਲਈ ਕਮਰੇ ਸਨ। ਉਸਨੇ ਪਿੰਡ ਵਿਚ ਸਾਰਿਆਂ ਨੂੰ ਹੁਕਮ ਕੀਤਾ ਹੋਇਆ ਸੀ, "ਕੋਈ ਰਾਹੀ ਆਵੇ ਉਸਨੂੰ ਸਿੱਧਾ ਮੇਰੇ ਘਰ ਭੇਜਣਾ। ਜਿਹੜਾ ਰਾਹੀ ਨੂੰ ਘਰ ਰਖੇਗਾ ਮੈਂ ਉਸਦਾ ਘਰ ਲੁੱਟ ਲਵਾਂਗਾ।" ਪਿੰਡ ਵਾਲਿਆਂ ਉਸਦਾ ਹੁਕਮ ਮੰਨਦੇ ਹੋਏ ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਉਸਦੇ ਘਰ ਭੇਜ ਦਿੱਤਾ।

ਉਸ ਦਿਨ ਭੂਮੀਆ ਘਰ ਹੀ ਸੀ। ਗੁਰੂ ਜੀ ਅਤੇ ਭਾਈ ਮਰਦਾਨੇ ਲਈ ਉਹ ਰੋਟੀ ਤਿਆਰ ਕਰ ਕੇ ਲੈ ਆਇਆ। ਰੋਟੀ ਖਾਣੀ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਜੀ ਨੇ ਉਸਨੂੰ ਪੁੱਛਿਆ, "ਭਾਈ, ਤੂੰ ਕੰਮ ਕਿਹੜਾ ਕਰਦਾ ਹੈਂ ?" ਉਸਦੇ ਖ਼ਿਆਲ ਵਿਚ ਚੋਰੀਆਂ ਕਰ ਕੇ ਦਾਨ ਕਰਨਾ ਬਹੁਤ ਵੱਡਾ ਪੁੰਨ ਸੀ। ਇਸ ਨੂੰ ਉਹ ਸੇਵਾ ਸਮਝਦਾ ਸੀ। ਉਸਨੂੰ ਯਕੀਨ ਸੀ ਕਿ ਚੋਰੀ ਦਾ ਮਾਲ ਦੂਜਿਆਂ ਦੀਆਂ ਅਸੀਸਾਂ ਨਾਲ ਹਲਾਲ ਹੋ ਜਾਂਦਾ ਸੀ। ਉਸਨੇ ਸੱਚ ਸੱਚ ਗੁਰੂ ਜੀ ਨੂੰ ਦੱਸ ਦਿੱਤਾ ਕਿ ਉਹ ਕਿਹੜਾ ਕੰਮ ਕਰਦਾ ਸੀ। ਗੁਰੂ ਜੀ ਨੇ ਕਿਹਾ, "ਅਸੀਂ ਤੇਰਾ ਅੰਨ ਨਹੀਂ ਖਾ ਸਕਦੇ ਜਦੋਂ ਤਕ ਤੂੰ ਸਾਡੇ ਨਾਲ ਇਹ ਮਾੜਾ ਕੰਮ ਛੱਡਣ ਦਾ ਇਕਰਾਰ ਨਹੀਂ ਕਰਦਾ।" ਉਸਨੇ ਕਿਹਾ, "ਚੋਰੀਆਂ ਕਰਨਾ ਸਾਡਾ ਜੱਦੀ ਧੰਦਾ ਹੈ, ਇਹ ਮੈਂ ਨਹੀਂ ਛੱਡ ਸਕਦਾ।" ਗੁਰੂ ਜੀ ਨੇ ਕਿਹਾ, "ਚੋਰੀਆਂ ਨਾ ਛੱਡੀਂ ਪਰ ਮੇਰੀਆਂ ਇਹ ਤਿੰਨ ਗੱਲਾਂ ਮੰਨ ਲਵੇਂ—ਗ਼ਰੀਬ ਮਾਰ ਨਾ ਕਰੀਂ, ਸਦਾ ਸੱਚ ਬੋਲੀਂ, ਜਿਸਦਾ ਲੂਣ ਖਾਵੇਂ ਉਸਦੇ ਨਾਲ ਧੋਖਾ ਜਾਂ ਚੋਰੀ ਨਾ ਕਰੀਂ—ਤਾਂ ਅਸੀਂ ਤੇਰਾ ਅੰਨ ਖਾ ਲਵਾਂਗੇ।" ਉਸਦੇ ਹਾਂ ਕਰਨ ਉੱਪਰ ਗੁਰੂ ਜੀ ਨੇ ਉਸਦਾ ਅੰਨ ਸਵੀਕਾਰ ਕਰ ਲਿਆ।

ਗੁਰੂ ਜੀ ਦੇ ਕਹਿਣ ਉੱਪਰ ਭੂਮੀਏ ਨੇ ਗ਼ਰੀਬਾਂ ਦੇ ਘਰ ਚੋਰੀ ਕਰਨੀ ਬੰਦ ਕਰ ਦਿੱਤੀ ਅਤੇ ਗ਼ਰੀਬਾਂ ਨੂੰ ਰਸਤੇ ਵਿਚ ਲੁੱਟਣਾ ਵੀ ਬੰਦ ਕਰ ਦਿੱਤਾ। ਇਕ ਰਾਤ ਉਹ ਬਹੁਤ ਸੁਹਣੇ ਕੱਪੜੇ ਪਾ ਕੇ, ਘੋੜੇ ਉਪਰ ਸਵਾਰ ਹੋ ਕੇ ਰਾਜੇ ਦੇ ਮਹਿਲ ਵਿਚ ਚੋਰੀ ਕਰਨ ਲਈ ਗਿਆ। ਚੌਕੀਦਾਰ ਨੇ ਪੁੱਛਿਆ, "ਕੌਣ ?" ਭੂਮੀਏ ਨੇ ਸੱਚ ਕਹਿ ਦਿੱਤਾ, "ਚੋਰ।" ਚੌਕੀਦਾਰ ਨੇ ਸਮਝਿਆ, ਭੂਮੀਏ ਨੇ ਮਖ਼ੌਲ ਨਾਲ ਚੋਰ ਕਿਹਾ ਹੈ। ਉਸਨੇ ਅੱਗੇ ਜਾਣ ਦਿੱਤਾ। ਭੂਮੀਏ ਨੇ ਮਹਿਲ ਅੰਦਰ ਜਾ ਕੇ ਕੀਮਤੀ ਵਸਤੂਆਂ ਇਕੱਠੀਆਂ ਕਰ ਲਈਆਂ। ਜਦੋਂ ਚੱਲਣ ਲੱਗਿਆ ਤਾਂ ਉਸਨੇ ਇੱਕ ਸੋਨੇ ਦੀ ਪਲੇਟ ਦੇਖੀ ਜਿਸ ਵਿਚ ਕੁਝ ਪਿਆ ਸੀ। ਪਲੇਟ ਚੁੱਕਣ ਲੱਗੇ ਨੇ ਜੋ ਕੁਝ ਉਸ ਵਿਚ ਸੀ, ਉਸਦਾ ਸਵਾਦ ਦੇਖ ਲਿਆ। ਉਹ ਲੂਣ ਸੀ। ਸਭ ਕੁਝ ਛੱਡ ਕੇ ਭੂਮੀਆ ਘਰ ਨੂੰ ਚਲਿਆ ਗਿਆ।

ਦੂਜੀ ਸਵੇਰ ਰਾਜੇ ਨੇ ਦੇਖਿਆ ਕਿ ਮਹਿਲ ਵਿਚ ਕੋਈ ਚੋਰੀ ਕਰਨ ਆਇਆ ਸੀ। ਉਸਨੇ ਚੋਰ ਲੱਭਣ ਲਈ ਲੋਕਾਂ ਨੂੰ ਕੁਟਵਾਉਣਾ ਸ਼ੁਰੂ ਕਰ ਦਿੱਤਾ। ਭੂਮੀਏ ਨੇ ਜਦੋਂ ਗ਼ਰੀਬਾਂ ਨੂੰ ਮਾਰ ਪੈਂਦੀ ਦੇਖੀ ਤਾਂ ਆਪ ਰਾਜੇ ਪਾਸ ਹਾਜ਼ਰ ਹੋ ਕੇ ਕਹਿਣ ਲੱਗਾ, "ਮੈਂ ਚੋਰ ਹਾਂ। ਮੈਨੂੰ ਸਜ਼ਾ ਦੇਵੋ। ਇਨ੍ਹਾਂ ਗ਼ਰੀਬਾਂ ਨੂੰ ਛੱਡ ਦੇਵੋ।" ਰਾਜੇ ਨੇ ਪੁੱਛਿਆ, "ਤੂੰ ਕੁਝ ਲੈ ਕੇ ਕਿਉਂ ਨਹੀਂ ਗਿਆ ?" ਭੂਮੀਏ ਨੇ ਸਭ ਦੱਸ ਦਿੱਤਾ, ਕਿਵੇਂ ਗੁਰੂ ਜੀ ਨੇ ਉਸ ਨੂੰ ਯਕੀਨ ਕਰਵਾ ਦਿੱਤਾ ਸੀ ਕਿ ਉਨ੍ਹਾਂ ਦੇ ਬਚਨ ਮੰਨਣ ਨਾਲ ਉਸ ਦੇ ਸਾਰੇ ਪਾਪ ਮੁਆਫ਼ ਹੋ ਜਾਣਗੇ। ਰਾਜੇ ਨੇ ਕਿਹਾ, "ਮੈਂ ਤੇਰੇ ਸੱਚ ਬੋਲਣ ਉੱਪਰ ਬਹੁਤ ਖ਼ੁਸ਼ ਹਾਂ। ਮੈਂ ਤੇਰਾ ਕਸੂਰ ਮੁਆਫ਼ ਕਰ ਦਿੱਤਾ। ਤੇਰੇ ਵਰਗੇ ਸੱਚੇ ਆਦਮੀ ਨੂੰ ਮੈਂ ਆਪਣਾ ਵਜ਼ੀਰ ਰੱਖਣ ਲਈ ਤਿਆਰ ਹਾਂ।"


TRUTH, THE UNIVERSAL CURE
ਸੱਚ ਸਭਨਾ ਦਾਰੂ

One Creator One Sustainer

Guru Nanak reached Jagan Nath in Orissa. On the day of full moon,a fair was held at that place of worship and people could bathe in the sacred water. (At that holy place, an eighty-four feet high statue of Krishna called Jagan Nath is taken in a procession on a chariot every year). Brahmins had taught that whoever dies under the wheels of the chariot,will attain salvation. In those days, many desirous of salvation would give away their home and hearth and end their lives under the wheels.

In the fair, Guru Nanak beheld a Brahmin who was sitting before an idol crosslegged,with eyes closed and rosary in his hand. Guru Nanak asked him, "O holy man, on whom are you meditating with closed eyes when the idol is before you ?" He replied, "I behold the three worlds when I close my eyes. That is why I do it." Giving this reply, he again closed his eyes. Guru Nanak lifted the idol to whom people were offering money and placed it behind him. When the Brahmin opened his eyes he did not see the idol. He started raising hue and cry.

Guru Nanak said, "O holy man, there is no need to cry. Close your eyes and see where your idol is, as you can see the three worlds on closing your eyes." The Brahmin said, "I was making my living with the help of the idol. When I close my eyes I see nothing, let alone the three worlds." Guru Nanak said, "It is your second mistake to think that the idol sustained you. It is God who provides for you. The idol can neither give you bread nor take it away. The worship of idols, bathing at holy places and other pretensions are of no use. Meditate upon only one God. God is the only true protection. Leave the false dependence on the idol". The Brahmin said, "From where shall I eat if I do not tell lies ?" Guru Nanak said, "You were saying that you could behold three worlds on closing your eyes but don't you see the God who is the sustainer of all. He will give to you also. Please shun falsehood."

The Brahmin acting upon Guru Nanak's advice, threw away the idol and began to sing praises of God. Those, who were witness to this happening began to place money before the Brahmin. Everyone who passed that way, offered something on seeing money lying before the Brahmin. In this way the Brahmin began to survive without the idol by singing the praises of the Lord. He came to understand that there is no need of false pretence. The sustainer who has created all, provides for them to eat. There is no use in following falsehood and worrying about false notions.


ਇੱਕ ਸੰਸਾਰੀ ਇੱਕ ਭੰਡਾਰੀ

ਗੁਰੂ ਨਾਨਕ ਦੇਵ ਜੀ ਜਗਨਨਾਥ (ਉੜੀਸਾ) ਵਿਖੇ ਪੂਰਨਮਾਸ਼ੀ ਵਾਲੇ ਦਿਨ ਪੁੱਜੇ। ਉਸ ਦਿਨ ਉਸ ਤੀਰਥ ਉੱਪਰ ਨਹਾਉਣ ਦਾ ਮੇਲਾ ਲੱਗਾ ਹੋਇਆ ਸੀ। (ਇਸ ਤੀਰਥ ਅਸਥਾਨ ਉੱਪਰ ਕ੍ਰਿਸ਼ਨ ਦੀ ਇੱਕ 84 ਫ਼ੁੱਟ ਉੱਚੀ ਮੂਰਤੀ ਹੈ ਜਿਸ ਦਾ ਨਾਂ ਜਗਨਨਾਥ ਹੈ। ਹਰ ਸਾਲ ਉਸ ਮੂਰਤੀ ਨੂੰ ਰਥ ਉੱਪਰ ਰਖ ਕੇ ਜਲੂਸ ਕੱਢਿਆ ਜਾਂਦਾ ਹੈ।) ਬ੍ਰਾਹਮਣਾਂ ਨੇ ਇਹ ਪ੍ਰਸਿੱਧ ਕੀਤਾ ਹੋਇਆ ਸੀ, "ਜਿਹੜਾ ਉਸ ਰਥ ਦੇ ਪਹੀਏ ਥੱਲੇ ਆ ਕੇ ਮਰੇਗਾ ਉਸਨੂੰ ਮੁਕਤੀ ਮਿਲੇਗੀ।" ਕਈ ਮੁਕਤੀ ਦੇ ਚਾਹਵਾਨ ਘਰ-ਘਾਟ ਦਾਨ ਕਰ ਕੇ ਰਥ ਦੇ ਥੱਲੇ ਸਰੀਰ ਤਿਆਗ ਦਿੰਦੇ ਸਨ।

ਮੇਲੇ ਵਿਚ ਗੁਰੂ ਜੀ ਦੀ ਨਿਗਾਹ ਇੱਕ ਬ੍ਰਾਹਮਣ ਉੱਪਰ ਗਈ ਜਿਹੜਾ ਹੱਥ ਵਿਚ ਮਾਲਾ ਫੜ ਕੇ, ਅੱਖਾਂ ਬੰਦ ਕਰ ਕੇ, ਚੌਕੜੀ ਮਾਰ ਕੇ ਇਕ ਮੂਰਤੀ ਦੇ ਅੱਗੇ ਬੈਠਾ ਸੀ। ਗੁਰੂ ਜੀ ਨੇ ਉਸਨੂੰ ਜਾ ਕੇ ਪੁੱਛਿਆ, "ਭਗਤ ਜੀ, ਅੱਖਾਂ ਬੰਦ ਕਰ ਕੇ ਕਿਸ ਦਾ ਧਿਆਨ ਧਰਦੇ ਹੋ, ਜਦੋਂ ਕਿ ਮੂਰਤੀ ਆਪ ਦੇ ਅੱਗੇ ਪਈ ਹੈ ?" ਉਸਨੇ ਉੱਤਰ ਦਿੱਤਾ, "ਮੈਨੂੰ ਅੱਖਾਂ ਬੰਦ ਕਰ ਕੇ ਤਿੰਨ ਲੋਕ ਨਜ਼ਰ ਆਉਂਦੇ ਹਨ। ਇਸ ਲਈ ਮੈਂ ਅੱਖਾਂ ਬੰਦ ਕਰਦਾ ਹਾਂ।" ਇਸ ਤਰ੍ਹਾਂ ਦਾ ਉੱਤਰ ਦੇ ਕੇ ਉਸਨੇ ਅੱਖਾਂ ਫਿਰ ਬੰਦ ਕਰ ਲਈਆਂ। ਗੁਰੂ ਜੀ ਨੇ ਉਸਦੇ ਅੱਗੋਂ ਮੂਰਤੀ ਚੁੱਕ ਕੇ ਉਸਦੇ ਪਿੱਛੇ ਰਖ ਦਿੱਤੀ, ਜਿਸ ਮੂਰਤੀ ਅੱਗੇ ਲੋਕੀਂ ਪੈਸੇ ਦਾਨ ਕਰਦੇ ਸਨ। ਜਦੋਂ ਬ੍ਰਾਹਮਣ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਨੂੰ ਮੂਰਤੀ ਨਜ਼ਰ ਨਾ ਆਈ। ਉਸਨੇ ਰੋਣਾ ਕੁਰਲਾਉਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਕਿਹਾ, "ਭਗਤ ਜੀ, ਰੋਣ ਦੀ ਲੋੜ ਨਹੀਂ। ਆਪਣੀਆਂ ਅੱਖਾਂ ਬੰਦ ਕਰੋ ਅਤੇ ਦੇਖ ਲਵੋ ਕਿ ਤੁਹਾਡੀ ਮੂਰਤੀ ਕਿੱਥੇ ਹੈ। ਤੁਹਾਨੂੰ ਤਾਂ ਅੱਖਾਂ ਬੰਦ ਕਰ ਕੇ ਤਿੰਨ ਲੋਕਾਂ ਦੀ ਸੋਝੀ ਪੈ ਜਾਂਦੀ ਹੈ।"

ਬ੍ਰਾਹਮਣ ਨੇ ਕਿਹਾ, "ਤਪਾ ਜੀ, ਮੈਂ ਤਾਂ ਮੂਰਤੀ ਦੇ ਆਸਰੇ ਪਲਦਾ ਸੀ। ਅੱਖਾਂ ਬੰਦ ਕਰ ਕੇ ਮੈਨੂੰ ਕੁਝ ਨਜ਼ਰ ਨਹੀਂ ਆਉਂਦਾ।" ਗੁਰੂ ਜੀ ਨੇ ਕਿਹਾ, "ਇਹ ਤੇਰੀ ਦੂਜੀ ਭੁੱਲ ਹੈ ਜੋ ਤੂੰ ਸੋਚਦਾ ਹੈਂ ਕਿ ਇਹ ਮੂਰਤੀ ਤੈਨੂੰ ਖਾਣ ਨੂੰ ਦਿੰਦੀ ਸੀ। ਰੋਟੀ ਤਾਂ ਤੈਨੂੰ ਪਰਮਾਤਮਾ ਦਿੰਦਾ ਹੈ। ਇਹ ਮੂਰਤੀ ਨਾ ਤੈਨੂੰ ਰੋਟੀ ਦੇ ਸਕਦੀ ਹੈ ਅਤੇ ਨਾ ਹੀ ਖੋਹ ਸਕਦੀ ਹੈ। ਇਨ੍ਹਾਂ ਮੂਰਤੀਆਂ ਦੀ ਪੂਜਾ, ਤੀਰਥਾਂ ਦਾ ਇਸ਼ਨਾਨ ਅਤੇ ਹੋਰ ਪਖੰਡ ਕਿਸੇ ਕੰਮ ਦੇ ਨਹੀਂ। ਸਿਰਫ਼ ਇੱਕ ਪਰਮਾਤਮਾ ਦਾ ਸਿਮਰਨ ਕਰ। ਪਰਮਾਤਮਾ ਦਾ ਸੱਚਾ ਆਸਰਾ ਲੈ। ਮੂਰਤੀ ਦਾ ਝੂਠਾ ਆਸਰਾ ਛੱਡ।" ਬ੍ਰਾਹਮਣ ਨੇ ਕਿਹਾ, "ਜੇ ਮੈਂ ਝੂਠ ਨਾ ਬੋਲਾਂਗਾ ਤਾਂ ਖਾਵਾਂਗਾ ਕਿੱਥੋਂ ?" ਗੁਰੂ ਜੀ ਨੇ ਕਿਹਾ, "ਤੂੰ ਤਾਂ ਕਹਿੰਦਾ ਸੀ ਕਿ ਤੈਨੂੰ ਅੱਖਾਂ ਬੰਦ ਕਰ ਕੇ ਤਿੰਨ ਲੋਕ ਨਜ਼ਰ ਆਉਂਦੇ ਹਨ ਪਰ ਤੈਨੂੰ ਪਰਮਾਤਮਾ ਨਜ਼ਰ ਨਹੀਂ ਆਉਂਦਾ ਜਿਹੜਾ ਸਭ ਦੀ ਪਾਲਣਾ ਕਰਦਾ ਹੈ। ਉਹ ਤੈਨੂੰ ਵੀ ਖਾਣ ਨੂੰ ਦੇਵੇਗਾ। ਤੂੰ ਝੂਠ ਤਿਆਗ ਦੇ।"

ਬ੍ਰਾਹਮਣ ਨੇ ਗੁਰੂ ਜੀ ਦਾ ਕਿਹਾ ਮੰਨ ਕੇ ਮੂਰਤੀ ਪਰੇ ਸੁੱਟ ਦਿੱਤੀ ਅਤੇ ਪਰਮਾਤਮਾ ਦੇ ਗੁਣ ਗਾਉਣ ਲੱਗਾ। ਇਸ ਘਟਨਾ ਸਮੇਂ ਜਿਹੜੇ ਹਾਜ਼ਰ ਸਨ ਉਨ੍ਹਾਂ ਬ੍ਰਾਹਮਣ ਦੇ ਅੱਗੇ ਪੈਸੇ ਰਖਣੇ ਸ਼ੁਰੂ ਕਰ ਦਿੱਤੇ। ਜਿਹੜਾ ਵੀ ਉਸ ਰਸਤੇ ਲੰਘਦਾ, ਬ੍ਰਾਹਮਣ ਦੇ ਅੱਗੇ ਪਏ ਪੈਸੇ ਦੇਖ ਕੇ ਆਪ ਹੀ ਕੁਝ ਨਾ ਕੁਝ ਭੇਟ ਕਰ ਜਾਂਦਾ। ਇਸ ਤਰ੍ਹਾਂ ਉਸ ਬ੍ਰਾਹਮਣ ਦਾ ਨਿਭਾ ਮੂਰਤੀ ਤੋਂ ਬਿਨਾਂ ਹੀ, ਉਸ ਮਾਲਕ ਦੇ ਗੁਣ ਗਾਉਣ ਨਾਲ ਹੋਣ ਲੱਗ ਪਿਆ। ਉਸਨੂੰ ਸਮਝ ਪੈ ਗਈ ਕਿ ਝੂਠੇ ਵਿਖਾਵੇ ਦੀ ਲੋੜ ਨਹੀਂ। ਸਾਰਿਆਂ ਨੂੰ ਖਾਣ ਲਈ ਉਹ ਭੰਡਾਰੀ ਦਿੰਦਾ ਹੈ ਜਿਸ ਨੇ ਉਨ੍ਹਾਂ ਨੂੰ ਪੈਦਾ ਕੀਤਾ ਹੈ। ਝੂਠ ਪਿੱਛੇ ਲੱਗ ਕੇ ਝੂਠੇ ਫ਼ਿਕਰ ਪਾਉਣ ਦਾ ਕੋਈ ਲਾਭ ਨਹੀਂ।



ONE CREATOR ONE SUSTAINER
ਇਕ ਸੰਸਾਰੀ ਇਕ ਭੰਡਾਰੀ

Kauda the Cannibal

This is the happening of those days when Guru Nanak and Bhai Mardana were passing through a forest in Andhra Pradesh. The people who inhabited that jungle in those days,were not doing any farming but lived by hunting wild animals and eating wild fruits. Instead of clothes they covered their bodies with animal skins. Bhai Mardana could not find anything to eat for two days in that jungle. Tormented by hunger, Bhai Mardana said to Guru Nanak, "I cannot bear this hunger. Please do something about it. I am dying." Guru Nanak consoled him and said, "I am also with you. Have some patience. Let us move on. We shall reach some village. There you may eat to your fill." Bhai Mardana said, "You stay here. I shall look for some fruit to eat." Guru Nanak said, "This jungle is full of deceptions. Stay with me. You will lose your way if you go alone and face troubles. Some wild animal may catch you and eat you up."

Bhai Mardana paid no heed to the advice of Guru Nanak and went on to find something. While searching for something to eat, Bhai Mardana fell into the hands of Kauda. He tied Bhai Mardana up and made him stand still in his hut. This Kauda was a cannibal and if a child or a traveller who had lost his way fell into his hands, he used to fry and eat him. In the time of Guru Nanak, people living in the jungles sometimes became cannibals due to hunger. The man who has tasted human flesh once, develops a taste for it. Then cannibals like Kauda always seek human flesh. Guru Nanak had heard about this cannibal Kauda from others. When Bhai Mardana did not return for sometime, Guru Nanak started a search and reached Kauda's hut.

Guru Nanak saw that Bhai Mardana was tied up in the hut. Oil was being heated on one side. Kauda had gone to fetch more wood to heat the oil. When Bhai Mardana saw Guru Nanak, he was very pleased. His hunger for food vanished. He was convinced that Guru Nanak who had saved him from Kauda, would not let him die of hunger. Had Guru Nanak not arrived, Kauda would have eaten Bhai Mardana.

When Kauda returned with the wood and saw Guru Nanak standing near the hut, the bundle of the wood fell from his hands and he ran to free Bhai Mardana. In a few moments the fire below the big pan was extinguished. The hot oil went cold. After untying Bhai Mardana, Kauda came to Guru Nanak and placed his head at his feet and said, "Please pardon me. I have committed a mistake." Guru Nanak said, "We have travelled hundreds of miles to come to you and show you the way. We have come to rid you of this habit of cannibalism." Hearing this, Kauda rose up and started to arrange the meals for Guru Nanak and Bhai Mardana. In no time, Kauda placed before them the food for which Bhai Mardana was dying.


ਕੌਡਾ ਆਦਮਖ਼ੋਰ

ਇਹ ਉਨ੍ਹਾਂ ਦਿਨਾਂ ਦੀ ਘਟਨਾ ਹੈ ਜਦੋਂ ਗੁਰੂ ਜੀ ਅਤੇ ਭਾਈ ਮਰਦਾਨਾ ਆਂਧਰਾ ਪ੍ਰਦੇਸ਼ ਦੇ ਇਕ ਜੰਗਲ ਵਿੱਚੋਂ ਜਾ ਰਹੇ ਸਨ। ਉਸ ਜੰਗਲ ਵਿਚ ਰਹਿਣ ਵਾਲੇ ਲੋਕੀਂ ਖੇਤੀ ਤਾਂ ਕੋਈ ਕਰਦੇ ਨਹੀਂ ਸਨ, ਜੰਗਲੀ ਜਾਨਵਰਾਂ ਦੇ ਸ਼ਿਕਾਰ ਜਾਂ ਜੰਗਲੀ ਫਲਾਂ ਉੱਪਰ ਗੁਜ਼ਾਰਾ ਕਰਦੇ ਸਨ। ਕੱਪੜਿਆਂ ਦੀ ਥਾਂ ਪਸ਼ੂਆਂ ਦੇ ਚਮੜੇ ਨਾਲ ਸਰੀਰ ਢਕਦੇ ਸਨ। ਉਸ ਜੰਗਲ ਵਿਚ ਦੋ ਦਿਨ ਭਾਈ ਮਰਦਾਨੇ ਨੂੰ ਖਾਣ ਲਈ ਕੁਝ ਨਾ ਲੱਭਾ। ਭੁੱਖ ਨਾਲ ਤੰਗ ਹੋ ਕੇ ਗੁਰੂ ਜੀ ਨੂੰ ਕਹਿਣ ਲੱਗਾ, "ਮੇਰੇ ਪਾਸੋਂ ਇਹ ਭੁੱਖ ਸਹਾਰ ਨਹੀਂ ਹੁੰਦੀ, ਇਸ ਦਾ ਕੋਈ ਇਲਾਜ ਕਰੋ। ਮੈਂ ਮਰਦਾ ਜਾਂਦਾ ਹਾਂ।" ਗੁਰੂ ਜੀ ਨੇ ਉਸ ਨੂੰ ਧੀਰਜ ਦਿੰਦੇ ਕਿਹਾ, "ਮੈਂ ਵੀ ਤੇਰੇ ਨਾਲ ਹਾਂ, ਕੁਝ ਸਬਰ ਕਰ। ਅੱਗੇ ਚਲਦੇ ਹਾਂ। ਕੋਈ ਪਿੰਡ ਆ ਜਾਵੇਗਾ, ਤੂੰ ਉਥੇ ਪੇਟ ਭਰ ਕੇ ਖਾ ਲਵੀਂ।" ਭਾਈ ਮਰਦਾਨੇ ਨੇ ਕਿਹਾ, "ਤੁਸੀਂ ਏਥੇ ਰੁਕੋ। ਮੈਂ ਅੱਗੇ ਪਿੱਛੇ ਕੋਈ ਖਾਣ ਵਾਲਾ ਫਲ ਦੇਖਦਾ ਹਾਂ।" ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਇਹ ਜੰਗਲ ਬਹੁਤ ਭੁਲੇਖੇ ਵਾਲਾ ਹੈ। ਤੂੰ ਮੇਰੇ ਨਾਲ ਹੀ ਰਹਿ। ਇਕੱਲਾ ਜਾ ਕੇ ਭੁਲ ਜਾਵੇਂਗਾ ਅਤੇ ਤੰਗ ਹੋਵੇਂਗਾ। ਕੋਈ ਜੰਗਲੀ ਜਾਨਵਰ ਹੀ ਫੜ ਕੇ ਤੈਨੂੰ ਖਾ ਸਕਦਾ ਹੈ।" ਭਾਈ ਮਰਦਾਨੇ ਨੇ ਗੁਰੂ ਜੀ ਦੀ ਇਹ ਸਿੱਖਿਆ ਅਣਸੁਣੀ ਕਰ ਦਿੱਤੀ ਅਤੇ ਕੁਝ ਲੱਭਣ ਤੁਰ ਪਿਆ।

ਭਾਈ ਮਰਦਾਨਾ ਖਾਣ ਲਈ ਕੁਝ ਲੱਭਦਾ ਹੋਇਆ ਕੌਡੇ ਦੇ ਹੱਥ ਪੈ ਗਿਆ। ਉਸਨੇ ਭਾਈ ਮਰਦਾਨੇ ਨੂੰ ਬੰਨ੍ਹ ਕੇ ਆਪਣੀ ਝੌਂਪੜੀ ਵਿਚ ਖੜਾ ਕਰ ਦਿੱਤਾ। ਕੌਡਾ ਇਕ ਆਦਮਖ਼ੋਰ ਸੀ, ਜਿਸ ਦੇ ਹੱਥ ਕੋਈ ਭੁੱਲਿਆ ਰਾਹੀ ਜਾਂ ਬੱਚਾ ਆ ਜਾਂਦਾ ਤਾਂ ਉਸਨੂੰ ਤਲ ਕੇ ਖਾ ਜਾਂਦਾ। ਗੁਰੂ ਜੀ ਦੇ ਸਮੇਂ ਉਨ੍ਹਾਂ ਜੰਗਲਾਂ ਵਿਚ ਰਹਿਣ ਵਾਲੇ ਲੋਕੀਂ ਭੁੱਖ ਨਾ ਸਹਾਰਦੇ ਹੋਏ ਆਦਮਖ਼ੋਰ ਬਣ ਜਾਂਦੇ ਸਨ। ਜਿਸ ਆਦਮੀ ਨੇ ਇੱਕ ਵਾਰੀ ਆਦਮੀ ਦੇ ਮਾਸ ਦਾ ਸਵਾਦ ਚੱਖ ਲਿਆ ਹੋਵੇ ਉਸਨੂੰ ਆਦਮੀ ਦਾ ਮਾਸ ਸਵਾਦੀ ਲੱਗਣ ਲੱਗ ਜਾਂਦਾ ਹੈ। ਉਸ ਤਰ੍ਹਾਂ ਦੇ ਆਦਮਖ਼ੋਰ ਸਦਾ ਆਦਮੀ ਦਾ ਮਾਸ ਲੱਭਦੇ ਹਨ। ਗੁਰੂ ਜੀ ਨੇ ਕੌਡੇ ਆਦਮਖ਼ੋਰ ਬਾਰੇ ਦੂਜਿਆਂ ਤੋਂ ਸੁਣਿਆ ਹੋਇਆ ਸੀ। ਜਦੋਂ ਭਾਈ ਮਰਦਾਨਾ ਕੁਝ ਦੇਰ ਵਾਪਸ ਨਾ ਮੁੜਿਆ ਤਾਂ ਗੁਰੂ ਜੀ ਉਸਨੂੰ ਲੱਭਦੇ ਲੱਭਦੇ ਕੌਡੇ ਦੀ ਕੁੱਲੀ ਪਾਸ ਪੁੱਜ ਗਏ।

ਗੁਰੂ ਜੀ ਨੇ ਦੇਖਿਆ ਕਿ ਕੁੱਲੀ ਵਿਚ ਭਾਈ ਮਰਦਾਨਾ ਬੰਨ੍ਹਿਆ ਹੋਇਆ ਸੀ। ਇੱਕ ਪਾਸੇ ਤੇਲ ਗਰਮ ਹੋ ਰਿਹਾ ਸੀ। ਕੌਡਾ ਤੇਲ ਗਰਮ ਕਰਨ ਲਈ ਹੋਰ ਲੱਕੜਾਂ ਲੈਣ ਗਿਆ ਸੀ। ਭਾਈ ਮਰਦਾਨੇ ਨੇ ਗੁਰੂ ਜੀ ਨੂੰ ਜਦੋਂ ਕੁੱਲੀ ਪਾਸ ਦੇਖਿਆ ਤਾਂ ਬਹੁਤ ਖ਼ੁਸ਼ ਹੋਇਆ। ਉਸਦੀ ਰੋਟੀਆਂ ਦੀ ਭੁੱਖ ਖ਼ਤਮ ਹੋ ਗਈ। ਉਸ ਨੂੰ ਯਕੀਨ ਆ ਗਿਆ ਕਿ ਗੁਰੂ ਜੀ, ਜਿਨ੍ਹਾਂ ਨੇ ਉਸਨੂੰ ਕੌਡੇ ਪਾਸੋਂ ਬਚਾ ਲਿਆ, ਉਹ ਉਸਨੂੰ ਭੁੱਖ ਨਾਲ ਨਹੀਂ ਮਰਨ ਦਿੰਦੇ। ਜੇ ਗੁਰੂ ਜੀ ਨਾ ਪੁੱਜਦੇ ਤਾਂ ਕੌਡੇ ਨੇ ਖਾ ਲੈਣਾ ਸੀ।

ਲੱਕੜੀਆਂ ਲੈ ਕੇ ਆਉਂਦੇ ਕੌਡੇ ਨੇ ਜਦੋਂ ਗੁਰੂ ਜੀ ਨੂੰ ਕੁੱਲੀ ਪਾਸ ਖੜੇ ਦੇਖਿਆ ਤਾਂ ਉਸਦੇ ਹੱਥੋਂ ਲੱਕੜਾਂ ਛੁੱਟ ਗਈਆਂ ਅਤੇ ਉਹ ਭਾਈ ਮਰਦਾਨੇ ਨੂੰ ਖੋਲ੍ਹਣ ਭੱਜਿਆ। ਦੇਖਦੇ ਦੇਖਦੇ ਕੜਾਹੇ ਥੱਲਿਉਂ ਅੱਗ ਬੁਝ ਗਈ। ਕੜਾਹੇ ਦਾ ਤਪਦਾ ਤੇਲ ਠੰਢਾ ਹੋ ਗਿਆ। ਭਾਈ ਮਰਦਾਨੇ ਨੂੰ ਖੋਲ੍ਹਣ ਪਿੱਛੋਂ ਕੌਡੇ ਨੇ ਗੁਰੂ ਜੀ ਦੇ ਚਰਨਾਂ ਉੱਪਰ ਆ ਸੀਸ ਧਰਿਆ ਅਤੇ ਕਿਹਾ, "ਮੈਨੂੰ ਮੁਆਫ਼ ਕਰ ਦੇਵੋ। ਮੇਰੇ ਪਾਸੋਂ ਭੁੱਲ ਹੋ ਗਈ।" ਗੁਰੂ ਜੀ ਨੇ ਕਿਹਾ, "ਅਸੀਂ ਤੇਰੇ ਪਾਸ ਸੈਂਕੜੇ ਮੀਲਾਂ ਦਾ ਸਫ਼ਰ ਕਰ ਕੇ ਤੈਨੂੰ ਹੀ ਤਾਰਨ ਆਏ ਹਾਂ। ਤੇਰੀ ਇਸ ਆਦਮਖ਼ੋਰੀ ਦੀ ਆਦਤ ਛੁਡਾਉਣ ਆਏ ਹਾਂ।" ਇਹ ਸੁਣ ਕੇ ਕੌਡਾ ਉੱਠਿਆ। ਗੁਰੂ ਜੀ ਅਤੇ ਭਾਈ ਮਰਦਾਨੇ ਲਈ ਭੋਜਨ ਦਾ ਪ੍ਰਬੰਧ ਕਰਨ ਲੱਗਾ। ਭਾਈ ਮਰਦਾਨਾ ਜਿਸ ਭੋਜਨ ਲਈ ਵਿਆਕੁਲ ਸੀ, ਕੌਡੇ ਨੇ ਉਹ ਤੁਰੰਤ ਉਨ੍ਹਾਂ ਅੱਗੇ ਲਿਆ ਰਖਿਆ।


ਕੌਡਾ ਆਦਮਖ਼ੋਰ
KAUDA THE CANNIBAL

Solar Eclipse

Guru Nanak and Bhai Mardana reached the holy place of Kurukshetra where the war of Mahabharat had been fought. That was the day of solar eclipse, so people had come in large numbers from far and near for a holy dip. On every side people were waiting for the eclipse to start. Guru Nanak and Bhai Mardana chose an open place and sat there. No sooner had the eclipse begun than groups of beggars started asking for alms. The rich started to give charity to make amends for their sins. People started bathing in the river. This fallacy is in vogue that if anybody bathes and gives alms at the time of the eclipse, all his sins are washed away in the same way as dust is washed from the body with water. Those desirous of washing away their sins were heaping money on the hands of Brahmins even though they had not given a single paisa to the poor before.

Guru Nanak was sitting and watching this show when Jagat Rai, the prince of Hansi state, placed a deer before him and requested, "Holy man, I have nothing for charity at this auspicious time except this deer which I hunted on my way. Please accept this." At Guru Nanak's bidding, Bhai Mardana lit a fire and placed the deer on it to cook.

When Brahmins saw the smoke, they came running to Guru Nanak and said, "No one can light a fire at this auspicious time. It is a great sin to light a fire. Nothing can be cooked. Only charity can be given at this time." Nanu Brahmin said, "What have you placed in this pan to cook ?" Bhai Mardana said, "This is the meat of a deer." Nanu was still more angry on hearing it.

Guru Nanak told those who were raising a hue and cry, "It is not a sin to cook something to satisfy hungry stomach. It is a sin to rob innocent people by telling lies. Tell me how the sins of a sinner can be washed away by giving charity to sinners like you who do not know what meat is. Listen, all bodies consist of flesh. Flesh eats flesh. Flesh marries flesh and brings her home. All the relatives are flesh. When you realise the word of the Lord, you gain the knowledge of what meat is. These foolish vegetarians do not understand that vegetables are also meat. Woman is also flesh. Those who decry meat, make love to it at night. Children are also flesh which take shape out of the flesh of their parents. Grain, cotton etcetera are all flesh. If you give up eating and wearing all these then you have given up meat. Those from whom you accept charity, according to your reckoning, will go to hell for eating meat while you will go to hell for accepting charity from them."

Hearing these words from Guru Nanak, all those who were raising a hue and cry became silent. Guru Nanak further told them, "No god is under threat. Eclipse are caused by the movements of the planets. Nobody's sins are washed away by bathing in this water and giving charity to these Brahmins. Only remembering and keeping God in mind can wash away sins."

ਸੂਰਜ ਗ੍ਰਹਿਣ


ਗੁਰੂ ਜੀ ਅਤੇ ਭਾਈ ਮਰਦਾਨਾ ਕੁਰਕਸ਼ੇਤਰ ਤੀਰਥ ਵਿਖੇ ਪੁੱਜੇ ਜਿੱਥੇ ਕਿਸੇ ਸਮੇਂ ਮਹਾਂਭਾਰਤ ਦਾ ਯੁੱਧ ਹੋਇਆ ਸੀ। ਉਸ ਦਿਨ ਸੂਰਜ ਗ੍ਰਹਿਣ ਲੱਗਣਾ ਸੀ। ਇਸ ਲਈ ਦੂਰ ਨੇੜੇ ਤੋਂ ਬਹੁਤ ਲੋਕੀਂ ਇਸ਼ਨਾਨ ਕਰਨ ਲਈ ਆਏ ਹੋਏ ਸਨ। ਸਾਰੇ ਪਾਸੇ ਗ੍ਰਹਿਣ ਲੱਗਣ ਦੀ ਉਡੀਕ ਹੋ ਰਹੀ ਸੀ। ਗੁਰੂ ਜੀ ਅਤੇ ਭਾਈ ਮਰਦਾਨਾ ਇਕ ਖੁੱਲ੍ਹੀ ਥਾਂ ਉੱਪਰ ਜਾ ਬੈਠੇ। ਸੂਰਜ ਨੂੰ ਗ੍ਰਹਿਣ ਲੱਗਣ ਦੀ ਢਿੱਲ ਸੀ ਕਿ ਮੰਗਤਿਆਂ ਦੀਆਂ ਟੋਲੀਆਂ ਨੇ ਮੰਗਣਾ ਸ਼ੁਰੂ ਕਰ ਦਿੱਤਾ। ਅਮੀਰਾਂ ਨੇ ਆਪਣੇ ਕੀਤੇ ਪਾਪਾਂ ਦਾ ਭਾਰ ਦੂਰ ਕਰਨ ਲਈ ਦਾਨ ਦੇਣਾ ਸ਼ੁਰੂ ਕਰ ਦਿੱਤਾ। ਲੋਕਾਂ ਦਰਿਆ ਵਿਚ ਨਹਾਉਣਾ ਸ਼ੁਰੂ ਕਰ ਦਿੱਤਾ। ਇਹ ਭਰਮ ਬਣਿਆ ਆ ਰਿਹਾ ਹੈ ਕਿ ਜੇ ਕੋਈ ਗ੍ਰਹਿਣ ਲੱਗਣ ਸਮੇਂ ਇਸ਼ਨਾਨ ਕਰੇ, ਦਾਨ ਕਰੇ ਤਾਂ ਉਸਦੇ ਸਾਰੇ ਪਾਪ ਧੋਤੇ ਜਾਂਦੇ ਹਨ, ਜਿਵੇਂ ਪਾਣੀ ਨਾਲ ਸਰੀਰ ਨੂੰ ਲੱਗਾ ਗੰਦ ਧੋਤਾ ਜਾਂਦਾ ਹੈ। ਪਾਪਾਂ ਦਾ ਗੰਦ ਧੋਣ ਦੇ ਅਭਿਲਾਸ਼ੀ, ਬ੍ਰਾਹਮਣਾਂ ਦੇ ਹੱਥਾਂ ਉੱਪਰ ਰੁਪਏ ਰੱਖ ਰਹੇ ਸਨ, ਜਿਨ੍ਹਾਂ ਪਹਿਲਾਂ ਕਦੇ ਕਿਸੇ ਗ਼ਰੀਬ ਨੂੰ ਇਕ ਪੈਸਾ ਤਕ ਨਹੀਂ ਦਿੱਤਾ ਸੀ।

ਗੁਰੂ ਜੀ ਬੈਠੇ ਇਹ ਤਮਾਸ਼ਾ ਦੇਖ ਰਹੇ ਸੀ ਕਿ ਹਾਂਸੀ ਦੇ ਰਾਜਕੁਮਾਰ ਜਗਤ ਰਾਇ ਨੇ ਗੁਰੂ ਜੀ ਅੱਗੇ ਇੱਕ ਮਿਰਗ ਰਖ ਕੇ ਬੇਨਤੀ ਕੀਤੀ, "ਭਗਤ ਜੀ, ਮੇਰੇ ਪਾਸ ਇਸ ਸ਼ੁਭ ਸਮੇਂ ਦਾਨ ਕਰਨ ਲਈ ਇਹ ਮਿਰਗ ਹੀ ਹੈ ਜਿਸ ਦਾ ਮੈਂ ਰਸਤੇ ਵਿਚ ਸ਼ਿਕਾਰ ਕੀਤਾ ਸੀ। ਇਹ ਆਪ ਸਵੀਕਾਰ ਕਰੋ।" ਗੁਰੂ ਜੀ ਦੇ ਕਹਿਣ ਉੱਪਰ ਭਾਈ ਮਰਦਾਨੇ ਨੇ ਅੱਗ ਜਲਾ ਕੇ ਰਿੱਝਣ ਲਈ ਰਖ ਦਿੱਤਾ।

ਬ੍ਰਾਹਮਣਾਂ ਜਦੋਂ ਅੱਗ ਦਾ ਧੂੰਆਂ ਦੇਖਿਆ ਤਾਂ ਭੱਜੇ ਭੱਜੇ ਗੁਰੂ ਜੀ ਪਾਸ ਆ ਕੇ ਕਹਿਣ ਲੱਗੇ, "ਇਸ ਸ਼ੁਭ ਸਮੇਂ ਕੋਈ ਅੱਗ ਨਹੀਂ ਜਲਾ ਸਕਦਾ। ਅੱਗ ਜਲਾਉਣਾ ਬਹੁਤ ਵੱਡਾ ਪਾਪ ਹੈ। ਕੋਈ ਚੀਜ਼ ਪਕਾਈ ਨਹੀਂ ਜਾ ਸਕਦੀ। ਇਸ ਸ਼ੁਭ ਸਮੇਂ ਦਾਨ ਹੀ ਕੀਤਾ ਜਾ ਸਕਦਾ ਹੈ।" ਨਾਨੂ ਬ੍ਰਾਹਮਣ ਨੇ ਪੁੱਛਿਆ, "ਇਸ ਪਤੀਲੇ ਵਿਚ ਪੱਕਣ ਲਈ ਕੀ ਧਰਿਆ ਹੈ ?" ਭਾਈ ਮਰਦਾਨੇ ਨੇ ਉੱਤਰ ਦਿੱਤਾ, "ਇਸ ਵਿਚ ਮਿਰਗ ਦਾ ਮਾਸ ਧਰਿਆ ਹੈ।" ਨਾਨੂ ਇਹ ਸੁਣ ਕੇ ਹੋਰ ਵੀ ਤੜਫ਼ ਉੱਠਿਆ।

ਗੁਰੂ ਜੀ ਨੇ ਉਨ੍ਹਾਂ ਰੌਲਾ ਪਾਉਣ ਵਾਲਿਆਂ ਨੂੰ ਦੱਸਿਆ, "ਪੇਟ ਦੀ ਭੁੱਖ ਦੂਰ ਕਰਨ ਲਈ ਕੁਝ ਪਕਾਉਣਾ ਪਾਪ ਨਹੀਂ। ਝੂਠ ਬੋਲ ਕੇ ਬੇਸਮਝ ਲੋਕਾਂ ਨੂੰ ਲੁੱਟਣਾ ਪਾਪ ਹੈ। ਤੁਸੀਂ ਦੱਸੋ, ਪਾਪੀ ਦਾ ਪਾਪ ਤੁਹਾਡੇ ਵਰਗੇ ਪਾਪੀਆਂ ਨੂੰ ਦਾਨ ਦੇ ਕੇ ਕਿਵੇਂ ਦੂਰ ਹੋ ਸਕਦਾ ਹੈ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਮਾਸ ਕੀ ਹੈ। ਸੁਣੋ, ਮਾਸ ਦੇ ਸਾਰੇ ਸਰੀਰ ਹਨ। ਹੱਡ ਚੰਮ ਸਭ ਮਾਸ ਹੀ ਹੈ। ਮਾਸ, ਮਾਸ ਹੀ ਖਾਂਦਾ ਹੈ। ਮਾਸ ਹੀ ਮਾਸ ਘਰ ਵਿਆਹ ਕੇ ਲੈ ਆਉਂਦਾ ਹੈ। ਸਾਰੇ ਰਿਸ਼ਤੇਦਾਰ ਮਾਸ ਹੀ ਹਨ। ਉਸ ਮਾਲਕ ਦੇ ਹੁਕਮ ਦੀ ਸਮਝ ਪੈ ਜਾਵੇ ਤਾਂ ਗਿਆਨ ਹੁੰਦਾ ਹੈ ਕਿ ਮਾਸ ਕੀ ਹੈ। ਇਹ ਬੇਸਮਝ ਸਾਗ ਖਾਣ ਵਾਲਿਆਂ ਨੂੰ ਪਤਾ ਨਹੀਂ ਕਿ ਸਾਗ ਵੀ ਮਾਸ ਹੈ। ਇਸਤ੍ਰੀ ਮਾਸ ਹੈ। ਬਾਹਰ ਦੇ ਮਾਸ ਦੀ ਨਿੰਦਿਆ ਕਰਨ ਵਾਲੇ ਰਾਤ ਨੂੰ ਉਸਨੂੰ ਪਿਆਰ ਕਰਦੇ ਹਨ। ਬੱਚੇ ਮਾਸ ਹੀ ਹਨ ਜਿਹੜੇ ਮਾਤਾ ਪਿਤਾ ਦੇ ਮਾਸ ਤੋਂ ਬਣਦੇ ਹਨ। ਅੰਨ, ਕਪਾਹ ਆਦਿ ਸਭ ਮਾਸ ਹੀ ਹਨ। ਜੇ ਇਹ ਸਭ ਕੁਝ ਖਾਣਾ ਅਤੇ ਪਹਿਨਣਾ ਛੱਡ ਦੇਵੇਂ ਤਾਂ ਤੂੰ ਮਾਸ ਛੱਡਿਆ। ਜਿਨ੍ਹਾਂ ਪਾਸੋਂ ਤੂੰ ਦਾਨ ਲੈਂਦਾ ਹੈਂ, ਉਹ ਤੇਰੇ ਹਿਸਾਬ ਮਾਸ ਖਾਣ ਕਾਰਨ ਨਰਕਾਂ ਵਿਚ ਜਾਣਗੇ, ਤਾਂ ਤੂੰ ਉਨ੍ਹਾਂ ਪਾਸੋਂ ਦਾਨ ਲੈਣ ਕਾਰਨ ਨਰਕਾਂ ਵਿਚ ਜਾਵੇਂਗਾ।"

ਗੁਰੂ ਜੀ ਦੇ ਇਹ ਬਚਨ ਸੁਣ ਕੇ ਰੌਲਾ ਪਾਉਣ ਵਾਲੇ ਸਭ ਚੁੱਪ ਕਰ ਗਏ। ਉਨ੍ਹਾਂ ਨੂੰ ਜਵਾਬ ਨਾ ਸੁੱਝਿਆ। ਗੁਰੂ ਜੀ ਨੇ ਅੱਗੇ ਹੋਰ ਦੱਸਿਆ, "ਕਿਸੇ ਦੇਵਤੇ ਉੱਪਰ ਕੋਈ ਬਿਪਤਾ ਨਹੀਂ। ਗ੍ਰਹਿਣ ਇਨ੍ਹਾਂ ਗ੍ਰਹਿਆਂ ਦੇ ਚੱਕਰ ਕਾਰਨ ਲਗਦਾ ਹੈ। ਇਸ ਪਾਣੀ ਵਿਚ ਇਸ਼ਨਾਨ ਕਰਨ ਨਾਲ ਜਾਂ ਬ੍ਰਾਹਮਣਾਂ ਨੂੰ ਦਾਨ ਕਰਨ ਨਾਲ ਕਿਸੇ ਦੇ ਪਾਪ ਦੂਰ ਨਹੀਂ ਹੁੰਦੇ। ਪਰਮਾਤਮਾ ਦਾ ਸਿਮਰਨ ਹੀ ਪਾਪ ਧੋ ਸਕਦਾ ਹੈ।"


ਸੂਰਜ ਗ੍ਰਹਿਣ
SOLAR ECLIPSE

Death Eats up All

During his second journey, Guru Nanak and Bhai Mardana reached Sialkot city now in Pakistan. They saw that people were raising a hue and cry near a hermitage. On inquiry, they came to know that Pir Hamza Gaus was praying to God for the destruction of the whole city. He had made it known among the people that he would shut himself in his dome for forty days, observe a fast and would not see even the light of the Sun. After forty days of fasting, he would come out of the dome and the whole city would sink.

Guru Nanak sent Bhai Mardana to him to persuade him to give up his obstinacy. The disciples of Pir Hamza Gaus did not allow Bhai Mardana to see him. Then Guru Nanak started singing a hymn and the dome cracked. Seeing the sunlight he came out of his dome enraged and said to Guru Nanak, "You have not done well. You have stopped me from destroying this city. This city is inhabited by liars. A rich man had promised me that if I got a son for him from God, he would leave him at my hermitage for my service. I fulfilled his wish. Now he has backed away from his word. Nobody pays any heed to me although I got him the son from God. All the city sympathises with him."

Guru Nanak said, "We can test just now if any truthful person lives in the city or not." Guru Nanak gave Bhai Mardana two paisas and said, "Please bring one paisa worth of truth and one paisa worth of falsehood from the market." Bhai Mardana went from one shop to another asking for one paisa worth of truth and one paise worth of falsehood. The shopkeepers thought Bhai Mardana was out of mind and bade him move on. Eventually he reached the shop of Mool Chand Khatri. He took the paisas and wrote on a paper "Life is falsehood and death is the truth."

Bhai Mardana came back with the paper. Guru Nanak showed the paper to Pir Hamza Gaus and said, "There are truthful persons in this city. To destroy them would have been a sin." He said, "Holy man, they say but they do not act. You may also ascertain this for yourself." Hearing this, Guru Nanak called Mool Chand to the hermitage and said to him, "You have written that death is the truth. If you believe it, then leave hearth and home and come here to serve Pir Hamza Gaus." Mool Chand agreed to what Guru Nanak said. He handed over his home and belongings to his sons and presented himself for the service of Pir Hamza Gaus. The Pir was very pleased to see Mool Chand at his service. All his anger against the people of the city vanished. The people of the city also went away to their homes relieved.

Guru Nanak made Pir Hamza Gaus understand, "God is great. You should not resist him. It is the duty of holy men to accept His will. They should do good as far as possible. One should not even think of harming God's creation.

ਮਰਨਾ ਸੱਚ


ਗੁਰੂ ਜੀ ਅਤੇ ਭਾਈ ਮਰਦਾਨਾ ਆਪਣੀ ਦੂਜੀ ਉਦਾਸੀ ਸਮੇਂ ਸਿਆਲਕੋਟ ਸ਼ਹਿਰ ਪੁੱਜੇ। ਉਨ੍ਹਾਂ ਦੇਖਿਆ ਕਿ ਇੱਕ ਡੇਰੇ ਦੇ ਨੇੜੇ ਲੋਕਾਂ ਦਾ ਬਹੁਤ ਰੌਲਾ ਪੈ ਰਿਹਾ ਸੀ। ਪੁੱਛਣ ਉੱਪਰ ਪਤਾ ਲੱਗਾ ਕਿ ਪੀਰ ਹਮਜ਼ਾ ਗ਼ੌਸ ਸਾਰੇ ਸ਼ਹਿਰ ਨੂੰ ਗ਼ਰਕ ਕਰਨ ਲਈ ਖ਼ੁਦਾ ਅੱਗੇ ਪ੍ਰਾਰਥਨਾ ਕਰ ਰਿਹਾ ਸੀ। ਉਸਨੇ ਲੋਕਾਂ ਵਿਚ ਪ੍ਰਸਿੱਧ ਕੀਤਾ ਹੋਇਆ ਸੀ ਕਿ ਉਹ ਚਾਲੀ ਦਿਨ ਆਪਣੇ ਗੁੰਬਦ ਵਿਚ ਬੰਦ ਰਹਿ ਕੇ ਵਰਤ ਰਖੇਗਾ ਤੇ ਸੂਰਜ ਦੀ ਰੌਸ਼ਨੀ ਤਕ ਵੀ ਨਹੀਂ ਦੇਖੇਗਾ। ਚਾਲੀ ਦਿਨਾਂ ਪਿੱਛੋਂ ਜਦੋਂ ਉਹ ਮੱਠ ਵਿੱਚੋਂ ਬਾਹਰ ਨਿਕਲੇਗਾ ਤਾਂ ਸਾਰਾ ਸ਼ਹਿਰ ਗ਼ਰਕ ਹੋ ਜਾਵੇਗਾ।

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਉਸ ਪਾਸ ਭੇਜਿਆ ਤਾਂ ਜੋ ਉਹ ਆਪਣਾ ਹੱਠ ਤਿਆਗ ਦੇਵੇ। ਪੀਰ ਦੇ ਚੇਲਿਆਂ ਨੇ ਭਾਈ ਮਰਦਾਨੇ ਨੂੰ ਉਸ ਤਕ ਪੁੱਜਣ ਹੀ ਨਾ ਦਿੱਤਾ। ਉਸ ਤੋਂ ਬਾਦ ਗੁਰੂ ਜੀ ਨੇ ਸ਼ਬਦ ਗਾਇਨ ਸ਼ੁਰੂ ਕਰ ਦਿੱਤਾ, ਜਿਸ ਨਾਲ ਪੀਰ ਦਾ ਗੁੰਬਦ ਫਟ ਗਿਆ। ਜਦੋਂ ਸੂਰਜ ਦੀਆਂ ਕਿਰਨਾਂ ਅੰਦਰ ਗਈਆਂ ਤਾਂ ਗੁੱਸੇ ਦਾ ਭਰਿਆ ਹੋਇਆ ਪੀਰ ਬਾਹਰ ਨਿਕਲ ਆਇਆ ਅਤੇ ਗੁਰੂ ਜੀ ਨੂੰ ਕਹਿਣ ਲੱਗਾ, "ਤੁਸੀਂ ਚੰਗਾ ਨਹੀਂ ਕੀਤਾ। ਮੈਨੂੰ ਇਸ ਸ਼ਹਿਰ ਨੂੰ ਗ਼ਰਕ ਕਰਨ ਤੋਂ ਰੋਕ ਲਿਆ। ਇਸ ਸ਼ਹਿਰ ਵਿਚ ਸਭ ਝੂਠੇ ਵਸਦੇ ਹਨ। ਮੇਰੇ ਨਾਲ ਇੱਕ ਸੇਠ ਨੇ ਇਕਰਾਰ ਕੀਤਾ ਸੀ ਕਿ ਜੇ ਮੈਂ ਖ਼ੁਦਾ ਪਾਸੋਂ ਉਸਨੂੰ ਪੁੱਤਰ ਲੈ ਦੇਵਾਂ ਤਾਂ ਉਹ ਪੁੱਤਰ, ਮੇਰੀ ਸੇਵਾ ਲਈ ਮੇਰੇ ਡੇਰੇ ਛੱਡ ਦੇਵੇਗਾ। ਮੈਂ ਉਸਨੂੰ ਖ਼ੁਦਾ ਪਾਸੋਂ ਪੁੱਤਰ ਲੈ ਦਿੱਤਾ। ਹੁਣ ਉਹ ਪੁੱਤਰ ਦੇਣ ਤੋਂ ਮੁੱਕਰ ਗਿਆ ਹੈ। ਸਾਰਾ ਸ਼ਹਿਰ ਉਸਦੀ ਹਮਦਰਦੀ ਕਰਦਾ ਹੈ। ਮੇਰੇ ਵੱਲ ਕੋਈ ਧਿਆਨ ਨਹੀਂ ਦਿੰਦਾ ਜਿਸ ਨੇ ਉਸ ਨੂੰ ਖ਼ੁਦਾ ਪਾਸੋਂ ਪੁੱਤਰ ਲੈ ਕੇ ਦਿੱਤਾ।"

ਗੁਰੂ ਜੀ ਨੇ ਪੀਰ ਨੂੰ ਕਿਹਾ, "ਇਹ ਤਾਂ ਆਪਾਂ ਹੁਣੇ ਹੀ ਦੇਖ ਲੈਂਦੇ ਹਾਂ ਕਿ ਕੋਈ ਸ਼ਹਿਰ ਵਿਚ ਸੱਚਾ ਵਸਦਾ ਹੈ ਜਾਂ ਨਹੀਂ।" ਗੁਰੂ ਜੀ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਕਿਹਾ, "ਬਾਜ਼ਾਰ ਵਿੱਚੋਂ ਇੱਕ ਪੈਸੇ ਦਾ ਸੱਚ ਅਤੇ ਇੱਕ ਪੈਸੇ ਦਾ ਝੂਠ ਲੈ ਆ।" ਭਾਈ ਮਰਦਾਨਾ ਦੋ ਪੈਸੇ ਲੈ ਕੇ ਬਾਜ਼ਾਰ ਵਿਚ ਹਰ ਦੁਕਾਨ ਤੋਂ ਇੱਕ ਪੈਸੇ ਦਾ ਸੱਚ ਅਤੇ ਇੱਕ ਪੈਸੇ ਦਾ ਝੂਠ ਪੁੱਛਣ ਲੱਗਾ। ਸਭ ਦੁਕਾਨਦਾਰ ਭਾਈ ਮਰਦਾਨੇ ਨੂੰ ਸ਼ੁਦਾਈ ਸਮਝ ਕੇ ਅੱਗੇ ਤੋਰ ਦੇਣ। ਪੁੱਛਦਾ ਪੁੱਛਦਾ ਉਹ ਮੂਲ ਚੰਦ ਖੱਤ੍ਰੀ ਦੀ ਦੁਕਾਨ ਉੱਪਰ ਪੁੱਜਾ। ਉਸਨੇ ਦੋ ਪੈਸੇ ਲੈ ਕੇ ਇਕ ਕਾਗ਼ਜ਼ ਉੱਪਰ ਲਿਖ ਦਿੱਤਾ, "ਜੀਊਣਾ ਝੂਠ ਅਤੇ ਮਰਨਾ ਸੱਚ।"

ਭਾਈ ਮਰਦਾਨੇ ਨੇ ਉਹ ਕਾਗ਼ਜ਼ ਗੁਰੂ ਜੀ ਨੂੰ ਆ ਕੇ ਦੇ ਦਿੱਤਾ। ਗੁਰੂ ਜੀ ਨੇ ਉਹ ਕਾਗ਼ਜ਼ ਪੀਰ ਨੂੰ ਦਿਖਾ ਕੇ ਕਿਹਾ, "ਇਸ ਸ਼ਹਿਰ ਵਿਚ ਸੱਚੇ ਵੀ ਵਸਦੇ ਹਨ। ਉਨ੍ਹਾਂ ਨੂੰ ਗ਼ਰਕ ਕਰਨਾ ਪਾਪ ਸੀ।" ਪੀਰ ਨੇ ਕਿਹਾ, "ਭਗਤ ਜੀ, ਇਹ ਮੂੰਹੋਂ ਤਾਂ ਕਹਿੰਦੇ ਹਨ ਪਰ ਕਰਦੇ ਨਹੀਂ। ਮੈਂ ਤਾਂ ਇਨ੍ਹਾਂ ਨੂੰ ਅਜ਼ਮਾ ਕੇ ਦੇਖ ਲਿਆ ਹੈ, ਤੁਸੀਂ ਵੀ ਦੇਖ ਲਵੋ।" ਗੁਰੂ ਜੀ ਨੇ ਇਹ ਸੁਣ ਕੇ ਮੂਲ ਚੰਦ ਨੂੰ ਡੇਰੇ ਉੱਪਰ ਬੁਲਾ ਲਿਆ ਅਤੇ ਉਸਨੂੰ ਕਿਹਾ, "ਤੂੰ ਲਿਖਿਆ ਹੈ ਕਿ ਮਰਨਾ ਸੱਚ ਹੈ। ਜੇ ਤੈਨੂੰ ਯਕੀਨ ਹੈ ਤਾਂ ਤੂੰ ਘਰ-ਬਾਰ ਛੱਡ ਕੇ ਇਸ ਪੀਰ ਦੀ ਸੇਵਾ ਵਿਚ ਆ ਕੇ ਲੱਗ ਜਾ। ਮੂਲ ਚੰਦ ਖੱਤ੍ਰੀ ਨੇ ਗੁਰੂ ਜੀ ਦਾ ਕਿਹਾ ਮੰਨ ਲਿਆ। ਆਪਣਾ ਸਭ ਕੁਝ ਪੁੱਤਰਾਂ ਨੂੰ ਸੌਂਪ ਕੇ ਪੀਰ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਮੂਲ ਚੰਦ ਨੂੰ ਆਪਣੀ ਸੇਵਾ ਵਿਚ ਹਾਜ਼ਰ ਹੋਇਆ ਦੇਖ ਕੇ ਪੀਰ ਬਹੁਤ ਖ਼ੁਸ਼ ਹੋਇਆ। ਉਸਦਾ ਸਾਰਾ ਗ਼ੁੱਸਾ ਜਾਂਦਾ ਰਿਹਾ ਜਿਹੜਾ ਉਹ ਸ਼ਹਿਰ ਵਾਲਿਆਂ ਉੱਪਰ ਕਰਦਾ ਸੀ। ਸ਼ਹਿਰ ਵਾਲੇ ਵੀ ਬੇਫ਼ਿਕਰ ਹੋ ਕੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ।

ਗੁਰੂ ਜੀ ਨੇ ਪੀਰ ਨੂੰ ਸਮਝਾਇਆ, "ਖ਼ੁਦਾ ਬੜਾ ਬੇਅੰਤ ਹੈ। ਉਸਦੇ ਨਾਲ ਟੱਕਰ ਲੈਣੀ ਨਹੀਂ ਸੋਭਦੀ। ਫ਼ਕੀਰਾਂ ਦਾ ਧਰਮ ਹੈ ਉਸਦੇ ਹੁਕਮ ਅੰਦਰ ਚਲਣਾ। ਜਿੱਥੋਂ ਤਕ ਹੋ ਸਕੇ ਦੁਨੀਆਂ ਦਾ ਭਲਾ ਕਰਨਾ। ਮਨ ਵਿਚ ਦੂਜਿਆਂ ਦਾ ਬੁਰਾ ਕਰਨ ਦਾ ਖ਼ਿਆਲ ਵੀ ਨਹੀਂ ਆਉਣਾ ਚਾਹੀਦਾ।"


ਮਰਨ ਸੱਚ
DEATH EATS UP ALL

Truth is Supreme

Taking Bhai Mardana along, Guru Nanak reached the high peaks of the Shivalik mountains where saints and yogis were passing their lives after renouncing the world. Those saints and yogis had a belief that the love for worldly objects will cease if one lives in an uninhabited area. By overcoming the desire to possess worldly material, one can overcome reincarnation. They called themselves celibate and did not get married. They also believed that after marriage, the wife entangles the husband in the net of worldly objects and his escape from it is impossible.

It was difficult for everyone to reach those snow-clad mountains. There was always the danger of wild animals. The yogis were filled with wonder on seeing Guru Nanak and Bhai Mardana. They questioned, "How have you come to us ? One can reach these hills only with the help of supernatural powers." Guru Nanak replied, "We have reached here with the knowledge of the Truth."

Among those yogis was Bharthari, a disciple of Gorakh, who had renounced his kingdom and adopted yoga. He did not grasp the meaning of what Guru Nanak said because as long as one does not adopt truth as one's way of life, how can one understand what the Truth is. He advised Guru Nanak, "You also pierce your ears like me and put on ear-rings, shave your head, discard your clothes, smear your body with ash and adopt Gorakh as your spiritual guide, then you will attain salvation."

Guru Nanak replied, "You renounced your kingdom, left your home but have not been able to get rid of your ego for which you have done all this apparent display. You have not realised the Truth and have not understood it yet." Bharthari offered a bowl of cannabis to Guru Nanak and said, "Nanak, drink it so that you may be free from hunger and thirst. Your mind may concentrate and all the woes of the world be forgotten." Guru Nanak replied, "One who trades in the Truth, does not require this drug. He is always intoxicated by the Name which destroys pains and sorrows of the world."

After Bharthari was satisfied, Sanghar Nath asked, "What were the means by which you got rid of lust ? In which way did you give up the love of worldly objects ? How did you master anger and why does pride not bother you ?" Guru Nanak replied, "When I gained the knowledge of Truth, I overcame lust. When I started singing the praises of God, love of worldly materials left me and my mind attained peace and anger vanished. The company of holy men made the greed to flee. The fear of death left me when I perceived the Lord always in my mind."

Guru Nanak saw that the impurity of ego had not left the minds of the yogis though they had renounced the world and were tolerating the pains and hardships of the hills far away from human. How could yogis see the light of Truth away from the creation when God resides in it ?

ਸੱਚ ਸਭਨਾ ਪ੍ਰਧਾਨ


ਗੁਰੂ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਸੁਮੇਰ ਪਰਬਤ ਦੀਆਂ ਉੱਚੀਆਂ ਪਹਾੜੀਆਂ ਉੱਪਰ ਪੁੱਜੇ, ਜਿੱਥੇ ਸਿੱਧ ਅਤੇ ਜੋਗੀ ਆਪਣੇ ਵੱਲੋਂ ਦੁਨੀਆਂ ਤਿਆਗ ਕੇ ਬੈਠੇ ਸਨ। ਉਨ੍ਹਾਂ ਸਿੱਧਾਂ ਅਤੇ ਜੋਗੀਆਂ ਦਾ ਨਿਸ਼ਚਾ ਸੀ ਕਿ ਜੇ ਆਬਾਦੀ ਤੋਂ ਪਰੇ ਰਿਹਾ ਜਾਵੇ ਤਾਂ ਮਾਇਆ ਨਾਲੋਂ ਮੋਹ ਟੁੱਟ ਜਾਂਦਾ ਹੈ। ਮਾਇਆ ਦਾ ਮੋਹ ਟੁੱਟ ਜਾਣ ਨਾਲ ਜੰਮਣ-ਮਰਨ ਦਾ ਗੇੜ ਕੱਟਿਆ ਜਾਂਦਾ ਹੈ। ਉਹ ਸਾਰੇ ਆਪਣੇ ਆਪ ਨੂੰ ਜਤੀ ਸਦਵਾਉਂਦੇ ਸਨ। ਇਸ ਲਈ ਉਹ ਵਿਆਹ ਵੀ ਨਹੀਂ ਕਰਵਾਉਂਦੇ ਸਨ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਵਿਆਹ ਕਰਵਾਉਣ ਪਿੱਛੋਂ ਇਸਤ੍ਰੀ, ਪਤੀ ਨੂੰ ਮਾਇਆ ਦੇ ਜਾਲ ਵਿਚ ਫਸਾ ਦਿੰਦੀ ਹੈ ਜਿਸ ਵਿੱਚੋਂ ਉਸਦਾ ਛੁੱਟਣਾ ਮੁਸ਼ਕਲ ਹੈ।

ਉਨ੍ਹਾਂ ਬਰਫ਼ਾਨੀ ਪਹਾੜੀਆਂ ਉੱਪਰ ਹਰ ਇੱਕ ਦਾ ਪਹੁੰਚਣਾ ਮੁਸ਼ਕਲ ਸੀ। ਉਸ ਅਣਡਿੱਠੇ ਰਸਤੇ ਵਿਚ ਜੰਗਲੀ ਜਾਨਵਰਾਂ ਦਾ ਡਰ ਸਦਾ ਬਣਿਆ ਰਹਿੰਦਾ ਸੀ। ਸਿੱਧ, ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਦੇਖ ਕੇ ਬਹੁਤ ਹੈਰਾਨ ਹੋਏ। ਉਨ੍ਹਾਂ ਸਵਾਲ ਕੀਤਾ, "ਤੁਸੀਂ ਸਾਡੇ ਪਾਸ ਕਿਵੇਂ ਆਏ ਹੋ ? ਇਨ੍ਹਾਂ ਪਹਾੜੀਆਂ ਉੱਪਰ ਤਾਂ ਸਿਧੀਆਂ ਦੇ ਆਸਰੇ ਹੀ ਆਇਆ ਜਾ ਸਕਦਾ ਹੈ।" ਗੁਰੂ ਜੀ ਨੇ ਉੱਤਰ ਦਿੱਤਾ, "ਅਸੀਂ ਸੱਚ ਦਾ ਆਸਰਾ ਲੈ ਕੇ ਏਥੇ ਪਹੁੰਚੇ ਹਾਂ।"

ਉਨ੍ਹਾਂ ਸਿੱਧਾਂ ਵਿਚ ਗੋਰਖ ਦਾ ਇਕ ਚੇਲਾ ਭਰਥਰੀ ਸੀ, ਜਿਸਨੇ ਆਪਣਾ ਰਾਜ ਛੱਡ ਕੇ ਜੋਗ ਧਾਰਿਆ ਹੋਇਆ ਸੀ। ਉਸ ਨੂੰ ਗੁਰੂ ਜੀ ਦੇ ਕਹਿਣ ਦੀ ਸਮਝ ਨਾ ਪਈ ; ਕਿਉਂਕਿ ਜਦੋਂ ਤਕ ਸੱਚ ਧਾਰਨ ਨਾ ਕੀਤਾ ਜਾਵੇ, ਸੱਚ ਦੀ ਸਮਝ ਕਿਵੇਂ ਪਏ ਕਿ ਸੱਚ ਕੀ ਹੈ। ਉਸ ਨੇ ਗੁਰੂ ਜੀ ਨੂੰ ਸਲਾਹ ਦਿੱਤੀ, "ਨਾਨਕ, ਤੂੰ ਵੀ ਮੇਰੇ ਵਾਂਗ ਕੰਨਾਂ ਵਿਚ ਗਲੀਆਂ ਕੱਢਵਾ ਕੇ ਮੁੰਦਰਾਂ ਪਾ ਲੈ, ਸਿਰ ਮੁਨਾ ਲੈ, ਬਸਤਰ ਤਿਆਗ ਦੇ, ਬਿਭੂਤ ਸਰੀਰ ਨੂੰ ਮਲਣ ਲੱਗ ਜਾ ਅਤੇ ਗੋਰਖ ਨੂੰ ਗੁਰੂ ਧਾਰ ਲੈ। ਇਸ ਤਰ੍ਹਾਂ ਤੇਰੀ ਗਤੀ ਹੋਵੇਗੀ।" ਗੁਰੂ ਜੀ ਨੇ ਉਸਨੂੰ ਉੱਤਰ ਦਿੱਤਾ, "ਤੂੰ ਰਾਜ ਤਿਆਗਿਆ, ਘਰ ਛੱਡਿਆ ਪਰ ਅਜੇ ਤਕ ਤੇਰੇ ਮਨ ਵਿੱਚੋਂ ਹਉਮੈ ਨਹੀਂ ਗਈ ਜਿਸ ਕਾਰਨ ਤੂੰ ਇਹ ਅਡੰਬਰ ਕੀਤੇ। ਅਜੇ ਤਕ ਤੈਨੂੰ ਸੱਚ ਦਾ ਗਿਆਨ ਨਹੀਂ ਹੋਇਆ, ਉਸਦੀ ਸਮਝ ਨਹੀਂ ਪਈ, ਉਸਦੀ ਪਛਾਣ ਨਹੀਂ ਆਈ।" ਭਰਥਰੀ ਨੇ ਭੰਗ ਦਾ ਪਿਆਲਾ ਗੁਰੂ ਜੀ ਅੱਗੇ ਕਰ ਕੇ ਕਿਹਾ, "ਨਾਨਕ, ਇਹ ਪੀ, ਤੇਰੀ ਭੁੱਖ ਪਿਆਸ ਦੂਰ ਹੋਵੇ, ਤੇਰੀ ਲਿਵ ਲੱਗੇ ਅਤੇ ਦੁਨੀਆਂ ਦੇ ਸਾਰੇ ਦੁੱਖ ਭੁੱਲ ਜਾਣ।" ਗੁਰੂ ਜੀ ਨੇ ਉੱਤਰ ਦਿੱਤਾ, "ਸੱਚ ਦੇ ਵਪਾਰੀ ਨੂੰ ਇਸ ਝੂਠੀ ਭੰਗ ਦੀ ਲੋੜ ਨਹੀਂ। ਉਸਨੂੰ ਸਦਾ ਨਾਮ ਦਾ ਨਸ਼ਾ ਰਹਿੰਦਾ ਹੈ ਜਿਹੜਾ ਦੁਨੀਆਂ ਦੇ ਸਭ ਦੁੱਖ ਤਕਲੀਫ਼ਾਂ ਖ਼ਤਮ ਕਰ ਦਿੰਦਾ ਹੈ।"

ਭਰਥਰੀ ਦੀ ਤਸੱਲੀ ਹੋਣ ਪਿੱਛੋਂ ਸੰਘਰ ਨਾਥ ਨੇ ਪੁੱਛਿਆ, "ਨਾਨਕ, ਤੂੰ ਕਿਹੜੀ ਜੁਗਤ ਨਾਲ ਕਾਮ ਹਰਾਇਆ, ਕਿਸ ਵਿਧੀ ਨਾਲ ਮਾਇਆ ਦਾ ਮੋਹ ਤਿਆਗਿਆ, ਕਿਸ ਢੰਗ ਨਾਲ ਕ੍ਰੋਧ ਨੂੰ ਜਿੱਤਿਆ ਅਤੇ ਤੈਨੂੰ ਹੰਕਾਰ ਕਿਉਂ ਨਹੀਂ ਹੁੰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਜਦੋਂ ਮੈਨੂੰ ਸੱਚ ਦਾ ਗਿਆਨ ਹੋਇਆ ਤਾਂ ਕਾਮ ਵੱਸ ਵਿਚ ਹੋ ਗਿਆ। ਪਰਮਾਤਮਾ ਦੇ ਗੁਣ ਗਾਉਣ ਨਾਲ ਮਾਇਆ ਦਾ ਮੋਹ ਜਾਂਦਾ ਰਿਹਾ, ਮਨ ਸ਼ਾਂਤ ਹੋ ਗਿਆ ਅਤੇ ਕ੍ਰੋਧ ਖ਼ਤਮ ਹੋ ਗਿਆ। ਸੰਤਾਂ ਦੀ ਸੰਗਤ ਕਰਨ ਨਾਲ ਲੋਭ ਸਾਥ ਛੱਡ ਗਿਆ। ਉਸ ਮਾਲਕ ਨੂੰ ਸਦਾ ਯਾਦ ਰਖਣ ਨਾਲ ਮੌਤ ਦਾ ਡਰ ਦੂਰ ਹੋ ਗਿਆ।"

ਗੁਰੂ ਜੀ ਨੇ ਦੇਖ ਲਿਆ ਕਿ ਸਿੱਧਾਂ ਦੇ ਮਨਾਂ ਵਿੱਚੋਂ ਹਉਮੈ ਦੀ ਮੈਲ ਦੂਰ ਨਹੀਂ ਹੋਈ ਭਾਵੇਂ ਉਹ ਆਪਣੇ ਵੱਲੋਂ ਦੁਨੀਆਂ ਤਿਆਗ ਕੇ ਦੂਰ ਪਹਾੜੀਆਂ ਵਿਚ ਬੈਠੇ ਦੁੱਖ ਤਕਲੀਫ਼ਾਂ ਸਹਾਰਦੇ ਸਨ। ਪਹਾੜੀਆਂ ਵਿਚ ਲੁਕ ਕੇ, ਦੁਨੀਆਂ ਤੋਂ ਪਰੇ ਰਹਿ ਕੇ, ਉਸ ਪ੍ਰਭੂ ਨੂੰ ਕਿਵੇਂ ਪਾਇਆ ਜਾ ਸਕਦਾ ਸੀ ਜਦ ਕਿ ਉਹ ਆਪਣੀ ਸਾਜੀ ਦੁਨੀਆਂ ਵਿਚ ਵਸਦਾ ਹੈ।


ਸੱਚ ਸਭਨਾ ਪ੍ਰਧਾਨ
TRUTH IS SUPREME

Sajjan the Robber

Guru Nanak and Bhai Mardana started from Pakpattan and reached the city of Tulamba in Multan. By the side of the road, they saw a very big and beautiful house. Sajjan, whose real name was Sheikh, had constructed that inn for the comfort of the travellers. In that inn, everyone was given a room to pass night and free meals were served to one's fill. There was no discrimination, be the traveller a Hindu or a Muslim. In that inn, Sheikh had got constructed on one side, a temple for the Hindus to worship and on the other side a mosque, for the Muslims to pray.

Sheikh used to dress like a saint during the day and engaged himself telling beads on his rosary. Seeing him thus, everyone who met him called him Sajjan— the virtuous man or friend. Sajjan had plenty of land which was tilled by labourers. He had adopted another means of income of which no one except his partners knew. He used to kill the travellers staying for the night, throw their bodies into a well and misappropriate their belongings.

Sajjan guessed that Guru Nanak was a wealthy man. He served Guru Nanak and Bhai Mardana very well. Guru Nanak could read what was in the mind of other people. Nothing could remain hidden from him. Guru Nanak read all his black deeds from his conversation with his companions. After dinner, Sajjan requested Guru Nanak, "O holy man, come and sleep in comfort inside. The night has well advanced." Guru Nanak said, "Sajjan, we shall sing a hymn in the praise of the Lord and then sleep." Guru Nanak started the recitation of the hymn.

When Sajjan heard the hymn and understood the meanings, he suspected that Guru Nanak had come to know his black deeds. That was why he was saying, "A utensil made from bronze looks bright outside but when it is rubbed it makes the fingers black. Even if it is washed, that bronze will not be free from blackness. Decorate empty houses outside as you wish but when they are demolished, they will be empty inside. Human bodies are like houses. The bodies devoid of virtues are of no avail. The white clad holy men who rob those gone astray, are like storks at places of pilgrimage, who eat frogs. They cannot be called devotees. A man's shrewdness, wisdom and service are useless unless he gives up bad deeds. To become virtuous, one needs the help of the Lord."

When the recital of the hymn was finished, Sajjan fell at Guru Nanak's feet. At the bidding of Guru Nanak, he distributed all his accumulated wealth among the poor, began to earn his living truthfully and became a true Sajjan.

ਸੱਜਣ ਠੱਗ

ਗੁਰੂ ਜੀ ਅਤੇ ਭਾਈ ਮਰਦਾਨਾ, ਪਾਕਪਟਨ ਤੋਂ ਚਲ ਕੇ ਮੁਲਤਾਨ ਦੇ ਤੁਲੰਭਾ ਸ਼ਹਿਰ ਪੁੱਜੇ। ਰਸਤੇ ਵਿਚ ਉਨ੍ਹਾਂ ਇੱਕ ਬਹੁਤ ਵੱਡਾ ਅਤੇ ਸੋਹਣਾ ਘਰ ਦੇਖਿਆ। ਸ਼ੇਖ਼ ਨੇ ਇਹ ਡੇਰਾ ਉਸ ਰਸਤੇ ਲੰਘਣ ਵਾਲਿਆਂ ਦੇ ਆਰਾਮ ਲਈ ਬਣਵਾਇਆ ਹੋਇਆ ਸੀ। ਉਸ ਡੇਰੇ ਵਿਚ ਹਰ ਇੱਕ ਨੂੰ ਰਹਿਣ ਲਈ ਥਾਂ ਅਤੇ ਖਾਣ ਲਈ ਭੋਜਨ ਮਿਲਦਾ ਸੀ। ਰਾਹੀ ਭਾਵੇਂ ਹਿੰਦੂ ਹੋਵੇ ਜਾਂ ਮੁਸਲਮਾਨ, ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ। ਸ਼ੇਖ਼ ਨੇ ਉਸ ਡੇਰੇ ਵਿਚ ਇੱਕ ਪਾਸੇ ਹਿੰਦੂਆਂ ਦੇ ਪੂਜਾ ਕਰਨ ਲਈ ਮੰਦਰ ਅਤੇ ਦੂਜੇ ਪਾਸੇ ਮੁਸਲਮਾਨਾਂ ਲਈ ਮਸੀਤ ਬਣਵਾਈ ਹੋਈ ਸੀ। ਸ਼ੇਖ਼ ਦਿਨ ਵਿਚ ਸਾਧਾਂ ਵਾਲੇ ਕੱਪੜੇ ਪਾ ਕੇ ਮਾਲਾ ਫੇਰਦਾ ਰਹਿੰਦਾ ਸੀ ਅਤੇ ਆਏ ਗਏ ਮੁਸਾਫ਼ਰ ਦੀ ਦੇਖ-ਭਾਲ ਕਰਦਾ ਸੀ। ਇਸ ਸੇਵਾ ਨੂੰ ਦੇਖ ਕੇ ਉਸ ਨੂੰ ਹਰ ਮਿਲਣ ਵਾਲਾ, ਸੱਜਣ ਕਹਿ ਕੇ ਬੁਲਾਉਂਦਾ ਸੀ। ਉਸਦਾ ਅਸਲੀ ਨਾਮ ਲੋਕਾਂ ਨੂੰ ਭੁੱਲ ਗਿਆ ਸੀ। ਸੱਜਣ ਦੀ ਜ਼ਮੀਨ ਕਾਫ਼ੀ ਸੀ ਜਿਸ ਵਿਚ ਉਹ ਮਜ਼ਦੂਰਾਂ ਪਾਸੋਂ ਖੇਤੀ ਕਰਵਾਉਂਦਾ ਸੀ। ਉਸਨੇ ਆਪਣੀ ਆਮਦਨੀ ਦਾ ਇੱਕ ਹੋਰ ਧੰਦਾ ਅਪਣਾ ਰਖਿਆ ਸੀ ਜਿਸਦਾ ਉਸਦੇ ਹਿੱਸੇਦਾਰਾਂ ਤੋਂ ਬਿਨਾਂ ਹੋਰ ਕਿਸੇ ਨੂੰ ਗਿਆਨ ਨਹੀਂ ਸੀ। ਉਹ ਰਾਤ ਗੁਜ਼ਾਰਨ ਵਾਲੇ ਰਾਹੀਆਂ ਨੂੰ ਮਾਰ ਕੇ, ਉਨ੍ਹਾਂ ਦੀਆਂ ਲਾਸ਼ਾਂ ਖੂਹ ਵਿਚ ਸੁਟ ਦਿੰਦਾ ਸੀ ਅਤੇ ਉਨ੍ਹਾਂ ਦਾ ਮਾਲ ਹਜ਼ਮ ਕਰ ਜਾਂਦਾ ਸੀ।

ਗੁਰੂ ਜੀ ਨੂੰ ਦੇਖ ਕੇ ਉਸਨੇ ਅੰਦਾਜ਼ਾ ਲਗਾਇਆ ਕਿ ਗੁਰੂ ਜੀ ਵੱਡੇ ਧਨਾਢ ਸਨ। ਉਸਨੇ ਗੁਰੂ ਜੀ ਅਤੇ ਭਾਈ ਮਰਦਾਨੇ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਤਾਂ ਮਨਾਂ ਦੀਆਂ ਜਾਣਨ ਵਾਲੇ ਸਨ। ਉਨ੍ਹਾਂ ਪਾਸੋਂ ਕਿਹੜੀ ਚੀਜ਼ ਗੁੱਝੀ ਰਹਿ ਸਕਦੀ ਸੀ। ਗੁਰੂ ਜੀ ਨੇ ਉਸਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਉਸਦੇ ਸਾਥੀਆਂ ਨਾਲ ਬੋਲ-ਚਾਲ ਤੋਂ ਪੜ੍ਹ ਲਈਆਂ। ਸ਼ਾਮ ਦਾ ਖਾਣਾ ਖਾਣ ਪਿੱਛੋਂ ਸੱਜਣ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਚਲੋ ਸੰਤ ਜੀ, ਅੰਦਰ ਚੱਲ ਕੇ ਆਰਾਮ ਨਾਲ ਸੌਂ ਜਾਵੋ, ਰਾਤ ਕਾਫ਼ੀ ਹੋ ਗਈ ਹੈ। ਗੁਰੂ ਜੀ ਨੇ ਕਿਹਾ, "ਭਾਈ ਸੱਜਣਾ, ਅਸੀਂ ਇੱਕ ਸ਼ਬਦ ਉਸ ਮਾਲਕ ਦੀ ਉਸਤਤ ਵਿਚ ਪੜ੍ਹ ਕੇ ਸੌਂਵਾਂਗੇ।" ਭਾਈ ਮਰਦਾਨੇ ਰਬਾਬ ਵਜਾਉਣੀ ਸ਼ੁਰੂ ਕੀਤੀ ਅਤੇ ਗੁਰੂ ਜੀ ਨੇ ਸ਼ਬਦ ਦਾ ਉਚਾਰਣ ਸ਼ੁਰੂ ਕੀਤਾ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ *—ਰਾਗੁ ਸੂਹੀ, ਪੰਨਾ 729*

ਸੱਜਣ ਦੇ ਕੰਨੀਂ ਜਦੋਂ ਗੁਰੂ ਜੀ ਦੇ ਇਸ ਸ਼ਬਦ ਦੀ ਆਵਾਜ਼ ਪਈ ਤਾਂ ਉਸ ਨੂੰ ਲੱਗਿਆ ਕਿ ਜਿਵੇਂ ਗੁਰੂ ਜੀ ਨੂੰ ਉਸ ਦੀ ਸਾਰੀ ਕਾਲੀ ਕਰਤੂਤ ਦਾ ਪਤਾ ਲੱਗ ਗਿਆ ਹੋਵੇ। ਇਸੇ ਲਈ ਉਹ ਕਹਿ ਰਹੇ ਹਨ, "ਕਾਂਸੀ ਦਾ ਬਰਤਨ ਬਾਹਰੋਂ ਚਮਕਦਾ ਹੈ ਪਰ ਜਦੋਂ ਉਸ ਨੂੰ ਹੱਥ ਲਗਾਉਂਦੇ ਹਾਂ ਤਾਂ ਉਹ ਹੱਥ ਕਾਲਾ ਹੋ ਜਾਂਦਾ ਹੈ। ਉਸ ਕਾਂਸੀ ਨੂੰ ਧੋਣ ਪਿੱਛੋਂ ਵੀ ਉਸਦੀ ਕਾਲਖ ਨਹੀਂ ਜਾਂਦੀ। ਖ਼ਾਲੀ ਘਰਾਂ ਨੂੰ ਬਾਹਰੋਂ ਜਿੰਨਾ ਮਰਜ਼ੀ ਸਜਾ ਲਵੋ, ਜਦੋਂ ਉਹ ਘਰ ਢਹਿ-ਢੇਰੀ ਹੋਣਗੇ ਤਾਂ ਅੰਦਰੋਂ ਖ਼ਾਲੀ ਹੋਣਗੇ। ਇਸ ਤਰ੍ਹਾਂ ਦੇ ਘਰ ਅਤੇ ਗੁਣਾਂ ਤੋਂ ਖ਼ਾਲੀ ਸਰੀਰ, ਕਿਸੇ ਕੰਮ ਦੇ ਨਹੀਂ। ਤੀਰਥਾਂ ਉੱਪਰ ਚਿੱਟੇ ਕੱਪੜੇ ਪਾਉਣ ਵਾਲੇ ਸੰਤ, ਜਿਹੜੇ ਡੱਡਾਂ ਖਾਣ ਵਾਲਿਆਂ ਬਗਲਿਆਂ ਦੀ ਤਰ੍ਹਾਂ ਭੁੱਲੇ ਭਟਕਿਆਂ ਨੂੰ ਲੁੱਟਦੇ ਹਨ, ਉਨ੍ਹਾਂ ਨੂੰ ਭਗਤ ਨਹੀਂ ਕਿਹਾ ਜਾਂਦਾ। ਆਦਮੀ ਦੀ ਚਤੁਰਾਈ, ਸਿਆਣਪ ਅਤੇ ਸੇਵਾ ਕਿਸੇ ਕੰਮ ਦੀ ਨਹੀਂ ਜੇ ਉਹ ਬੁਰੇ ਕੰਮਾਂ ਤੋਂ ਤੌਬਾ ਨਹੀਂ ਕਰਦਾ। ਨੇਕ ਬਣਨ ਲਈ ਉਸ ਮਾਲਕ ਦੇ ਆਸਰੇ ਦੀ ਲੋੜ ਹੈ।" ਸ਼ਬਦ ਦਾ ਭੋਗ ਪੈਣ ਪਿੱਛੋਂ ਸੱਜਣ ਗੁਰੂ ਜੀ ਦੇ ਚਰਨਾਂ ਉੱਪਰ ਢਹਿ ਪਿਆ। ਗੁਰੂ ਜੀ ਦੇ ਕਹਿਣ ਉੱਪਰ ਉਸ ਨੇ ਸਾਰਾ ਧਨ ਗ਼ਰੀਬਾਂ ਨੂੰ ਵੰਡ ਦਿੱਤਾ, ਹੱਕ ਦੀ ਕਮਾਈ ਕਰਨ ਲੱਗਾ ਅਤੇ ਸੱਚਾ ਸੱਜਣ ਬਣ ਗਿਆ।


ਸੱਜਣ ਠੱਗ
SAJJAN THE ROBBER

God's House

One day Bhai Mardana requested Guru Nanak, "I am accompanying you, ill fed and ill clad through the jungles, over the mountain tops and even in those places where nobody lives. In the Islamic faith Mecca is much praised. Please take me to Mecca for pilgrimage." Agreeing to Bhai Mardana's request, he started with him for Mecca. On the way they met some other pilgrims going to Mecca who started talking about various things. Guru Nanak said, "Bhai Mardana, if anyone goes on a pilgrimage it is essential that the conversation should be in praise of God. It is not right for pilgrims to go on talking of other superfluous things. If that happens the pilgrim does not attain anything."

Singing the praises of God they left the company of those pilgrims and arrived near Mecca where they dressed in the blue attire of pilgrims and Guru Nanak took the book of his verses under his armpit. In this dress they entered the mosque of Mecca. They spent the whole day singing praises of God and went to sleep at night. Early in the morning, Jiwan, a Mullah (Islamic Teacher) from India was passing through the sleeping pilgrims. He caught sight of Guru Nanak's feet which were stretched towards the Kaba—the house of God. He was beside himself with rage when he saw it. He kicked Guru Nanak in the back and said, "O you infidel, don't you know that you have stretched your feet towards the house of God ?" Guru Nanak replied very politely, "Dear Mullah, I have made a mistake. I did not know that the house of God is only on this side. Please turn my feet to the direction in which God does not live."

This added to the anger of Mullah Jiwan. He took hold of Guru Nanak's legs mercilessly and dragged them to the other side. Guru Nanak said, "Dear Mullah, is God's house not present on this side ?" When Mullah Jiwan looked towards that side he beheld the 'Kaba' on that side too. To whatever side, Mullah Jiwan in his anger turned Guru Nanak's legs, he saw the 'Kaba' on that side too. Seeing this,he raised a hue and cry. All the pilgrims woke up. When word reached Rukan Din, the head qazi (Islamic Magistrate) of Mecca that a holy man from India had revealed God's house on all sides, he came to Guru Nanak.

Qazi Rukan Din and Guru Nanak met each other as if they had been familiar with each other for centuries. In order to clear the doubts of others, Qazi Rukan Din asked Guru Nanak, "Who is superior in the court of the Lord—a Hindu or a Muslim ?" Guru Nanak replied, "Only good deeds are acceptable at His door. In His court there is no place either for a Hindu or a Muslim without good deeds." Hearing this reply, the pilgrims put many more questions to Guru Nanak. Guru Nanak dispelled the doubts of all of them. When Guru Nanak started to proceed to Madina, Qazi Rukan Din requested him to leave some memento of his visit to Mecca. Guru Nanak acceded to the request and gave his worn out sandals to Qazi Rukan Din.


ਖ਼ੁਦਾ ਦਾ ਘਰ

ਇੱਕ ਦਿਨ ਭਾਈ ਮਰਦਾਨੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਤੁਸੀਂ ਮੈਨੂੰ ਨੰਗੇ ਭੁੱਖੇ ਨੂੰ ਜੰਗਲਾਂ ਵਿਚ, ਪਹਾੜਾਂ ਦੀਆਂ ਟੀਸੀਆਂ ਉੱਪਰ ਅਤੇ ਉਨ੍ਹਾਂ ਥਾਂਵਾਂ ਉੱਪਰ ਜਿੱਥੇ ਕੋਈ ਨਹੀਂ ਵਸਦਾ, ਲਈ ਫਿਰਦੇ ਹੋ। ਮੁਸਲਮਾਨਾਂ ਦੇ ਧਰਮ ਵਿਚ ਮੱਕੇ ਦੇ ਹੱਜ ਦੀ ਬਹੁਤ ਸਿਫ਼ਤ ਕੀਤੀ ਗਈ ਹੈ। ਤੁਸੀਂ ਮੈਨੂੰ ਮੱਕੇ ਦਾ ਹੱਜ ਕਰਵਾ ਦੇਵੋ।" ਗੁਰੂ ਜੀ ਭਾਈ ਮਰਦਾਨੇ ਦੀ ਬੇਨਤੀ ਮੰਨ ਕੇ, ਉਸਨੂੰ ਨਾਲ ਲੈ ਕੇ ਮੱਕੇ ਵੱਲ ਚਲ ਪਏ। ਰਸਤੇ ਵਿਚ ਉਨ੍ਹਾਂ ਨੂੰ ਕੁਝ ਹੋਰ ਹਾਜੀ ਮਿਲ ਗਏ ਜਿਹੜੇ ਏਧਰ-ਉਧਰ ਦੀਆਂ ਗੱਲਾਂ ਕਰਨ ਲੱਗੇ। ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਜਦੋਂ ਹੱਜ ਲਈ ਜਾਈਏ ਤਾਂ ਉਸ ਖ਼ੁਦਾ ਦੀ ਸਿਫ਼ਤ ਦੀ ਗੱਲ-ਬਾਤ ਹੋਣੀ ਚਾਹੀਦੀ ਹੈ। ਹੋਰ ਫਾਲਤੂ ਗੱਲਾਂ ਕਰਦੇ ਜਾਣਾ ਹਾਜੀਆਂ ਲਈ ਸੋਭਾ ਨਹੀਂ ਦਿੰਦਾ ਅਤੇ ਇਸ ਤਰ੍ਹਾਂ ਦਾ ਹੱਜ ਕਰਨ ਵਾਲੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ।"

ਗੁਰੂ ਜੀ ਅਤੇ ਭਾਈ ਮਰਦਾਨਾ ਨੇ ਉਨ੍ਹਾਂ ਹਾਜੀਆਂ ਦਾ ਸਾਥ ਛੱਡ ਦਿੱਤਾ ਅਤੇ ਪਰਮਾਤਮਾ ਦੀ ਸਿਫ਼ਤ-ਸ਼ਲਾਘਾ ਕਰਦੇ ਮੱਕੇ ਦੇ ਨੇੜੇ ਪੁੱਜੇ, ਜਿੱਥੇ ਉਨ੍ਹਾਂ ਹਾਜੀਆਂ ਵਾਲਾ ਨੀਲਾ ਬਾਣਾ ਪਹਿਨ ਲਿਆ ਅਤੇ ਗੁਰੂ ਜੀ ਨੇ ਬਗ਼ਲ ਵਿਚ ਆਪਣੀ ਬਾਣੀ ਦੀ ਕਿਤਾਬ ਰੱਖ ਲਈ। ਇਸ ਤਰ੍ਹਾਂ ਦੇ ਪਹਿਰਾਵੇ ਵਿਚ ਉਹ ਮੱਕੇ ਦੀ ਮਸੀਤ ਅੰਦਰ ਚਲੇ ਗਏ। ਸਾਰਾ ਦਿਨ ਖ਼ੁਦਾ ਦੇ ਗੁਣ ਗਾਉਂਦਿਆਂ ਗੁਜ਼ਾਰ ਦਿੱਤਾ ਅਤੇ ਰਾਤ ਨੂੰ ਸੌਂ ਗਏ। ਸਵੇਰੇ ਸਵੇਰੇ ਭਾਰਤ ਤੋਂ ਗਿਆ ਇੱਕ ਹਾਜੀ ਮੁੱਲਾ, ਜੀਵਨ, ਸੁੱਤੇ ਪਏ ਹਾਜੀਆਂ ਵਿਚੋਂ ਦੀ ਲੰਘ ਰਿਹਾ ਸੀ, ਉਸਦੀ ਨਿਗਾਹ ਗੁਰੂ ਜੀ ਦੇ ਪੈਰਾਂ ਉੱਪਰ ਪਈ ਜਿਹੜੇ ਕਾਬੇ ਵੱਲ ਸਨ। ਉਸਨੂੰ ਇਹ ਦੇਖ ਕੇ ਬਹੁਤ ਗੁੱਸਾ ਆਇਆ। ਉਸਨੇ ਗੁਰੂ ਜੀ ਦੀ ਪਿੱਠ ਵਿੱਚ ਲੱਤ ਮਾਰ ਕੇ ਕਿਹਾ, "ਓ ਕਾਫ਼ਰ, ਤੈਨੂੰ ਨਜ਼ਰ ਨਹੀਂ ਆਉਂਦਾ ਕਿ ਤੂੰ ਖ਼ੁਦਾ ਦੇ ਘਰ ਵੱਲ ਪੈਰ ਕੀਤੇ ਹੋਏ ਹਨ।" ਗੁਰੂ ਜੀ ਨੇ ਅੱਗੋਂ ਬੜੀ ਹਲੀਮੀ ਨਾਲ ਉੱਤਰ ਦਿੱਤਾ, "ਮੁੱਲਾ ਜੀ, ਮੇਰੇ ਪਾਸੋਂ ਭੁੱਲ ਹੋ ਗਈ। ਮੈਨੂੰ ਨਹੀਂ ਸੀ ਪਤਾ ਕਿ ਸਿਰਫ਼ ਇਸ ਪਾਸੇ ਹੀ ਖ਼ੁਦਾ ਦਾ ਘਰ ਹੈ। ਤੁਸੀਂ ਮੇਰੇ ਪੈਰ ਉਸ ਪਾਸੇ ਕਰ ਦੇਵੋ ਜਿਸ ਪਾਸੇ ਖ਼ੁਦਾ ਨਹੀਂ ਰਹਿੰਦਾ।"

ਮੁੱਲਾ ਜੀਵਨ ਦਾ ਗ਼ੁੱਸਾ ਇਹ ਸੁਣ ਕੇ ਹੋਰ ਵੀ ਵਧ ਗਿਆ। ਉਸਨੇ ਬੜੀ ਬੇਦਰਦੀ ਨਾਲ ਗੁਰੂ ਜੀ ਦੀਆਂ ਲੱਤਾਂ ਫੜੀਆਂ ਅਤੇ ਘਸੀਟ ਕੇ ਦੂਜੇ ਪਾਸੇ ਕਰ ਦਿੱਤੀਆਂ। ਗੁਰੂ ਜੀ ਨੇ ਕਿਹਾ, "ਮੁੱਲਾ ਜੀ, ਕੀ ਇਸ ਪਾਸੇ ਖ਼ੁਦਾ ਦਾ ਘਰ ਨਹੀਂ ?" ਮੁੱਲਾ ਜੀਵਨ ਨੇ ਜਦੋਂ ਉਸ ਪਾਸੇ ਤਕਿਆ ਤਾਂ ਉਸ ਨੂੰ ਕਾਬਾ ਉਸ ਪਾਸੇ ਵੀ ਨਜ਼ਰ ਆਇਆ। ਮੁੱਲਾ ਜੀਵਨ, ਗ਼ੁੱਸੇ ਵਿਚ ਜਿਸ ਪਾਸੇ ਗੁਰੂ ਜੀ ਦੀਆਂ ਲੱਤਾਂ ਨੂੰ ਕਰੇ ਉਸ ਪਾਸੇ ਉਸਨੂੰ ਕਾਬਾ ਨਜ਼ਰ ਆਵੇ। ਉਸਨੇ ਇਹ ਦੇਖ ਕੇ ਰੌਲਾ ਪਾ ਦਿੱਤਾ। ਸਾਰੇ ਹਾਜੀ ਜਾਗ ਪਏ। ਮੱਕੇ ਦਾ ਵੱਡਾ ਕਾਜ਼ੀ, ਰੁਕਨਦੀਨ ਵੀ ਉਸ ਥਾਂ ਆ ਗਿਆ, ਜਦੋਂ ਉਸਨੂੰ ਖ਼ਬਰ ਪੁੱਜੀ ਕਿ ਹਿੰਦ ਦੇ ਪੀਰ ਨੇ ਖ਼ੁਦਾ ਦਾ ਘਰ ਹਰ ਪਾਸੇ ਜ਼ਾਹਿਰ ਕਰ ਦਿੱਤਾ ਸੀ।

ਕਾਜ਼ੀ ਰੁਕਨਦੀਨ ਅਤੇ ਗੁਰੂ ਜੀ ਇਸ ਤਰ੍ਹਾਂ ਇੱਕ ਦੂਜੇ ਨੂੰ ਮਿਲੇ ਜਿਵੇਂ ਉਹ ਇੱਕ ਦੂਜੇ ਦੇ ਸਦੀਆਂ ਤੋਂ ਵਾਕਿਫ਼ ਹੋਣ। ਕਾਜ਼ੀ ਰੁਕਨਦੀਨ ਨੇ ਦੂਜਿਆਂ ਦੇ ਮਨ ਦਾ ਸ਼ੰਕਾ ਦੂਰ ਕਰਨ ਲਈ ਗੁਰੂ ਜੀ ਨੂੰ ਪੁੱਛਿਆ, "ਖ਼ੁਦਾ ਦੇ ਦਰਬਾਰ ਵਿਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ ?" ਗੁਰੂ ਜੀ ਨੇ ਉੱਤਰ ਦਿੱਤਾ, "ਖ਼ੁਦਾ ਦੇ ਦਰ ਉੱਪਰ ਨੇਕ ਕਰਮ ਪ੍ਰਵਾਨ ਹਨ। ਉਸਦੇ ਦਰਬਾਰ ਵਿਚ ਨੇਕ ਕਰਮਾਂ ਬਿਨਾਂ ਨਾ ਹਿੰਦੂ ਲਈ ਕੋਈ ਥਾਂ ਹੈ ਅਤੇ ਨਾ ਹੀ ਮੁਸਲਮਾਨ ਲਈ।" ਇਹ ਉੱਤਰ ਸੁਣ ਕੇ ਹਾਜੀਆਂ ਨੇ ਗੁਰੂ ਜੀ ਨੂੰ ਹੋਰ ਬਹੁਤ ਸਵਾਲ ਕੀਤੇ। ਗੁਰੂ ਜੀ ਨੇ ਉਨ੍ਹਾਂ ਸਾਰਿਆਂ ਦੇ ਮਨਾਂ ਦੇ ਸ਼ੰਕੇ ਦੂਰ ਕੀਤੇ। ਜਦੋਂ ਗੁਰੂ ਜੀ ਮਦੀਨੇ ਵੱਲ ਜਾਣ ਲਈ ਤਿਆਰ ਹੋਏ ਤਾਂ ਕਾਜ਼ੀ ਰੁਕਨਦੀਨ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਮੱਕੇ ਵਿਖੇ, ਆਪਣੇ ਆਉਣ ਦੀ ਯਾਦ ਵਿਚ ਕੋਈ ਨਿਸ਼ਾਨੀ ਛੱਡ ਜਾਣ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਕੇ ਆਪਣੇ ਪੌਲੇ ਕਾਜ਼ੀ ਰੁਕਨਦੀਨ ਨੂੰ ਦੇ ਦਿੱਤੇ।


GOD'S HOUSE
ਖ਼ੁਦਾ ਦਾ ਘਰ

Madness for Gold

One day Guru Nanak and Bhai Mardana reached a country which was ruled by a very cruel king named Karu. He had an urge to amass gold and silver. If he heard that one of his subjects had some gold or silver, he would ask for it and then take it away by force if his request failed. In this way, he had filled forty boxes with gold and silver.

One day he asked his minister, "Does anyone in our country possess gold or silver about which we have not come to know ?" The minister said, "I shall inquire about it and let you know tomorrow."

On the next day, the minister sent a very beautiful slave girl to the market for sale. The sale price of that slave girl was fixed as one silver coin. A merchant's son went to his widowed mother and said, "Mother, if we buy this slave girl for a silver coin, she will do all the house work and make life easy for you." The mother replied, "We do not have any silver coin in our house but when your father died, he was buried with a silver coin in his mouth. You dig the grave and take out that coin to buy the slave girl." When the King came to know about the silver coins in the mouths of the dead, he had all the graves dug up and had the silver coins taken out.

Guru Nanak went to his palace and said to the King's gatekeeper, "Convey our message to the King, two outsiders want to see him." When the King came to the door, he saw Guru Nanak counting pieces of broken earthen pots. The King asked in great wonder, "O holy man, what use are these pieces to you ?" Guru Nanak replied, "We are to take these to the next world." The King said, "How can you take these pieces to the next world ?" Guru Nanak replied, "In the same way as the wealth collected by you by cruelty." Hearing this, he realised his mistake. He said, "I have great love for gold and silver. Advise me so that my love for gold and silver goes away and I may embark on the path of God."

Guru Nanak said, "O Karu, whatever you see with the eyes will be destroyed one day. The wealth which is spent in the name of God, goes along with you to the next world. Horses, forces and kingdom will remain here when death overtakes you. You came to this world alone and empty handed and shall leave this world empty handed. You have seen with your own eyes that the dead, who had been buried with one silver coin in their mouths could not take even that one coin with them. How will this wealth amassed with sins and cruelty, go with you ? However the sins and cruelty committed will surely go along with you and for committing those sins you will be thrown into the fire of hell."

Hearing about the fire of hell, he trembled more. He asked, "How can I escape that fire ?" Guru Nanak said, "Only if you shun cruelty henceforth and use the wealth which you have collected by your sins, to provide free meals for the poor."


ਸੋਨੇ ਦਾ ਭੂਤ

ਗੁਰੂ ਜੀ ਅਤੇ ਭਾਈ ਮਰਦਾਨਾ ਇਕ ਦਿਨ ਇਕ ਦੇਸ਼ ਵਿਚ ਪੁੱਜੇ ਜਿੱਥੋਂ ਦਾ ਬਾਦਸ਼ਾਹ ਕਾਰੂ ਬੜਾ ਵੱਡਾ ਜ਼ਾਲਮ ਸੀ। ਉਸਦੇ ਮਨ ਉੱਪਰ ਸੋਨਾ ਚਾਂਦੀ ਇਕੱਠਾ ਕਰਨ ਦਾ ਭੂਤ ਸਵਾਰ ਸੀ। ਜਿਸ ਪਾਸ ਵੀ ਉਹ ਸੋਨਾ ਚਾਂਦੀ ਹੋਣ ਬਾਰੇ ਸੁਣਦਾ, ਉਸ ਪਾਸੋਂ ਉਹ ਹਰ ਹੀਲੇ ਲੈ ਲੈਂਦਾ। ਉਸਨੇ ਇਸ ਤਰ੍ਹਾਂ ਲੋਕਾਂ ਨੂੰ ਬੜਾ ਤੰਗ ਕਰ ਕੇ ਚਾਲੀ ਸੰਦੂਕ ਸੋਨੇ ਚਾਂਦੀ ਦੇ ਭਰੇ ਹੋਏ ਸਨ। ਇੱਕ ਦਿਨ ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਪੁੱਛਿਆ, "ਕੀ ਤੇਰੇ ਖ਼ਿਆਲ ਮੁਤਾਬਕ ਆਪਣੇ ਰਾਜ ਵਿਚ ਹੋਰ ਕਿਸੇ ਪਾਸ ਸੋਨਾ ਚਾਂਦੀ ਹੈ ਜਿਸਦਾ ਸਾਨੂੰ ਪਤਾ ਨਾ ਲੱਗਿਆ ਹੋਵੇ ?" ਉਸਦੇ ਵਜ਼ੀਰ ਨੇ ਕਿਹਾ, "ਇਸਦਾ ਪਤਾ ਕਰ ਕੇ ਕੱਲ੍ਹ ਨੂੰ ਦੱਸਾਂਗਾ।"

ਦੂਜੇ ਦਿਨ ਸਵੇਰੇ ਸਵੇਰੇ, ਵਜ਼ੀਰ ਨੇ ਇਕ ਬਹੁਤ ਸੁੰਦਰ ਗੋਲੀ ਇਕ ਨੌਕਰ ਦੇ ਹੱਥ ਵਿਕਣ ਲਈ ਬਾਜ਼ਾਰ ਵਿਚ ਭੇਜ ਦਿੱਤੀ। ਉਸ ਗੋਲੀ ਦਾ ਮੁੱਲ ਸਿਰਫ਼ ਇਕ ਚਾਂਦੀ ਦਾ ਸਿੱਕਾ ਰਖਿਆ। ਇੱਕ ਸੌਦਾਗਰ ਦਾ ਲੜਕਾ ਆਪਣੀ ਮਾਤਾ ਨੂੰ ਜਾ ਕੇ ਕਹਿਣ ਲੱਗਾ, "ਮਾਤਾ ਜੀ, ਜੇ ਅਸੀਂ ਚਾਂਦੀ ਦੇ ਸਿੱਕੇ ਨਾਲ ਇਹ ਗੋਲੀ ਖ਼ਰੀਦ ਲਈਏ, ਉਹ ਘਰ ਦਾ ਸਾਰਾ ਕੰਮ ਕਰ ਦਿਆ ਕਰੂਗੀ ਅਤੇ ਤੁਹਾਨੂੰ ਸੌਖ ਹੋ ਜਾਊ।" ਮਾਂ ਨੇ ਉੱਤਰ ਦਿੱਤਾ, "ਆਪਣੇ ਘਰ ਵਿਚ ਤਾਂ ਕੋਈ ਸਿੱਕਾ ਨਹੀਂ, ਪਰ ਜਦੋਂ ਤੇਰੇ ਪਿਤਾ ਨੂੰ ਕਬਰ ਵਿਚ ਦਫ਼ਨਾਇਆ ਗਿਆ ਸੀ ਤਾਂ ਉਹਨਾਂ ਦੇ ਮੂੰਹ ਵਿਚ ਇੱਕ ਸਿੱਕਾ ਰਖਿਆ ਗਿਆ ਸੀ। ਤੂੰ ਕਬਰ ਪੁੱਟ ਕੇ ਉਹ ਸਿੱਕਾ ਕੱਢ ਲੈ ਅਤੇ ਗੋਲੀ ਖ਼ਰੀਦ ਲੈ।" ਜਦੋਂ ਬਾਦਸ਼ਾਹ ਨੂੰ ਮੁਰਦਿਆਂ ਦੇ ਮੂੰਹਾਂ ਵਿਚ ਚਾਂਦੀ ਦੇ ਸਿੱਕਿਆਂ ਬਾਰੇ ਪਤਾ ਲੱਗਾ ਤਾਂ ਉਸਨੇ ਸਾਰੀਆਂ ਕਬਰਾਂ ਪੁਟਵਾ ਕੇ ਮੁਰਦਿਆਂ ਦੇ ਮੂੰਹਾਂ ਵਿੱਚੋਂ ਸਿੱਕੇ ਕਢਵਾ ਲਏ।

ਗੁਰੂ ਜੀ ਨੇ ਜਾ ਕੇ ਬਾਦਸ਼ਾਹ ਦੇ ਦਰਬਾਨ ਨੂੰ ਕਿਹਾ, "ਆਪਣੇ ਬਾਦਸ਼ਾਹ ਨੂੰ ਜਾ ਕੇ ਦੱਸ ਦੇ ਕਿ ਤੈਨੂੰ ਦੋ ਪ੍ਰਦੇਸੀ ਮਿਲਣਾ ਚਾਹੁੰਦੇ ਹਨ।" ਬਾਦਸ਼ਾਹ ਜਦੋਂ ਦਰਵਾਜ਼ੇ ਉੱਪਰ ਆਇਆ ਤਾਂ ਉਸਨੇ ਦੇਖਿਆ ਕਿ ਗੁਰੂ ਜੀ ਮਿੱਟੀ ਦੀਆਂ ਠੀਕਰੀਆਂ ਗਿਣ ਰਹੇ ਸਨ। ਬਾਦਸ਼ਾਹ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਫ਼ਕੀਰ ਜੀ, ਇਹ ਠੀਕਰੀਆਂ ਤੁਹਾਡੇ ਕਿਸ ਕੰਮ ਦੀਆਂ ਹਨ ?" ਗੁਰੂ ਜੀ ਨੇ ਉੱਤਰ ਦਿੱਤਾ, "ਇਹ ਅਸੀਂ ਅਗਲੇ ਜਹਾਨ ਵਿਚ ਲੈ ਕੇ ਜਾਣੀਆਂ ਹਨ।" ਬਾਦਸ਼ਾਹ ਨੇ ਪੁੱਛਿਆ, "ਫ਼ਕੀਰ, ਤੇਰੇ ਨਾਲ ਇਹ ਠੀਕਰੀਆਂ ਅਗਲੇ ਜਹਾਨ ਕਿਵੇਂ ਜਾ ਸਕਦੀਆਂ ਹਨ ?" ਗੁਰੂ ਜੀ ਨੇ ਉੱਤਰ ਦਿੱਤਾ, "ਉਸੇ ਤਰ੍ਹਾਂ ਜਿਵੇਂ ਤੇਰੇ ਨਾਲ ਜ਼ੁਲਮ ਕਰ ਕੇ ਇਕੱਠਾ ਕੀਤਾ ਧਨ ਜਾਵੇਗਾ।"

ਇਹ ਸੁਣ ਕੇ ਬਾਦਸ਼ਾਹ ਨੂੰ ਆਪਣੀ ਗ਼ਲਤੀ ਦਾ ਗਿਆਨ ਹੋਇਆ। ਉਸਨੇ ਕਿਹਾ, "ਮੈਨੂੰ ਸੋਨੇ ਚਾਂਦੀ ਨਾਲ ਬਹੁਤ ਪਿਆਰ ਹੈ। ਮੈਨੂੰ ਉਹ ਸਿੱਖਿਆ ਦੇਵੋ ਜਿਸ ਨਾਲ ਮੇਰਾ ਇਨ੍ਹਾਂ ਵੱਲੋਂ ਮੋਹ ਟੁੱਟ ਜਾਵੇ ਅਤੇ ਮੈਂ ਖ਼ੁਦਾ ਦੇ ਰਾਹ ਪੈ ਜਾਵਾਂ।" ਗੁਰੂ ਜੀ ਨੇ ਕਿਹਾ, "ਕਾਰੂ, ਜੋ ਕੁਝ ਤੈਨੂੰ ਨਜ਼ਰ ਆਉਂਦਾ ਹੈ, ਇਕ ਦਿਨ ਇਹ ਸਭ ਨਾਸ਼ ਹੋ ਜਾਣਾ ਹੈ। ਜਿਹੜਾ ਪੈਸਾ ਉਸ ਖ਼ੁਦਾ ਦੇ ਨਾਂ ਉੱਪਰ ਖ਼ਰਚ ਕੀਤਾ ਜਾਂਦਾ ਹੈ, ਉਹ ਅਗਲੇ ਜਹਾਨ ਵਿਚ ਨਾਲ ਜਾਂਦਾ ਹੈ। ਹਾਥੀ, ਘੋੜੇ, ਫ਼ੌਜਾਂ ਅਤੇ ਰਾਜ ਭਾਗ ਸਭ ਮੌਤ ਆਉਣ ਉਪ੍ਰੰਤ ਏਥੇ ਹੀ ਰਹਿ ਜਾਣਗੇ। ਇਸ ਜਹਾਨ ਵਿਚ ਤੂੰ ਇਕੱਲਾ ਅਤੇ ਖ਼ਾਲੀ ਹੱਥ ਆਇਆ ਸੀ ਅਤੇ ਖ਼ਾਲੀ ਹੱਥ ਜਾਵੇਂਗਾ। ਤੂੰ ਆਪਣੀ ਅੱਖੀਂ ਦੇਖ ਲਿਆ ਹੈ ਕਿ ਜਿਨ੍ਹਾਂ ਮੁਰਦਿਆਂ ਦੇ ਮੂੰਹਾਂ ਵਿਚ ਇਕ ਸਿੱਕਾ ਪਾ ਕੇ ਦਬਾਇਆ ਗਿਆ ਸੀ, ਉਹ ਇੱਕ ਸਿੱਕਾ ਵੀ ਨਾਲ ਨਹੀਂ ਲੈ ਕੇ ਜਾ ਸਕੇ। ਤੇਰੇ ਨਾਲ ਇਹ ਪਾਪ ਅਤੇ ਜ਼ੁਲਮ ਕਰ ਕੇ ਇਕੱਠਾ ਕੀਤਾ ਧਨ ਕਿਵੇਂ ਜਾਵੇਗਾ ? ਹਾਂ, ਤੇਰੇ ਨਾਲ ਤੇਰੇ ਕੀਤੇ ਪਾਪ ਅਤੇ ਜ਼ੁਲਮ ਜ਼ਰੂਰ ਜਾਣਗੇ ਅਤੇ ਜਿਨ੍ਹਾਂ ਦੀ ਖ਼ਾਤਰ ਤੈਨੂੰ ਨਰਕਾਂ ਦੀ ਅੱਗ ਵਿਚ ਸੁੱਟਿਆ ਜਾਵੇਗਾ।" ਨਰਕਾਂ ਦੀ ਅੱਗ ਦਾ ਨਾਂ ਸੁਣ ਕੇ ਉਹ ਹੋਰ ਕੰਬਿਆ। ਉਸਨੇ ਪੁੱਛਿਆ, "ਮੈਂ ਕਿਵੇਂ ਉਸ ਅੱਗ ਤੋਂ ਬਚ ਸਕਦਾ ਹਾਂ ?" ਗੁਰੂ ਜੀ ਨੇ ਕਿਹਾ, "ਜੇ ਅੱਗੇ ਤੋਂ ਜ਼ੁਲਮ ਤੋਂ ਤੌਬਾ ਕਰੇਂ ਅਤੇ ਪਾਪਾਂ ਨਾਲ ਇਕੱਠੇ ਕੀਤੇ ਧਨ ਨਾਲ ਗ਼ਰੀਬਾਂ ਲਈ ਲੰਗਰ ਚਲਾ ਦੇਵੇਂ।"


ਸੋਨੇ ਦਾ ਭੂਤ
MADNESS FOR GOLD

Numerous Planets, Numerous Stars

On his return from Egypt, Guru Nanak sat down to spend the night in an open place outside the city of Baghdad. When the people came to know that Guru Nanak, who had revealed spiritual power at Mecca, was sitting outside the city, they went to the qazi (Islamic Magistrate) of the city in a big group. The qazi reckoned that stoning such an infidel Hindu to death,would be a very pious deed. He took some of his disciples and went to kill Guru Nanak.

Going ahead they found that Guru Nanak was singing hymn. Singing was in conflict with their prophet's teachings. However the melody of the hymns made them powerless to hit Guru Nanak with stones. They were stunned and began to look at each other's faces and the stones fell from their hands. Guru Nanak made them understand, "Music for singing praises of the Lord is not bad but that music is bad, which forces the mind to behave like a devil." They asked for forgiveness and took Guru Nanak with them to the city.

The next morning, after taking his bath, Guru Nanak recited Japji Sahib— one of the morning prayers. As he passed by Jalal Din, the pir (spiritual leader) of Baghdad heard the words—"There are numerous skies and nether regions." He was filled with wonder on hearing it.

At the end of the recital, he said, "O holy man, you said that there are numerous skies and numerous nether regions but our prophet has told us that there are seven skies and seven worlds below. You are telling a lie." Guru Nanak said to Pir Jalal Din, "Your prophet is not wrong. He saw seven skies and seven worlds below. So he said that there are seven but I see an unlimited number of these so I speak accordingly." Pir Jalal Din said, "As long as you do not show me, how can I believe you ?" Guru Nanak said, "Send anybody with me whom you can trust. I shall show him all these and then you will believe me."

As asked by Guru Nanak, Pir Jalal Din got his son Jul Jalal ready to accompany Guru Nanak. When the people of the city came to know that Guru Nanak was to take the Pir's son to show him numerous skies and numerous nether regions, they assembled in a large number at his house. People wanted to see all this with their own eyes. Guru Nanak said to Jul Jalal, "Close your eyes." When he closed his eyes, Guru Nanak and Jul Jalal vanished out of the crowd. After some time they returned.


Guru Nanak brought him back after showing him numerous planets and stars. Jul Jalal had in his hand,a wooden bowl full of semolina pudding. He said, "I have been convinced of there being numerous skies and the worlds below. I have been putting in this bowl,small bits of semolina pudding from every place. When I got tired seeing the places, I requested Guru Nanak to return. I opened my eyes at the word of this Hindu Pir and found that I was standing among this gathering with the bowl of pudding in my hand. The pudding is still hot."

ਲੱਖਾਂ ਪਾਤਾਲ ਲੱਖਾਂ ਅਕਾਸ਼

ਮਿਸਰ ਦੇਸ਼ ਤੋਂ ਵਾਪਸ ਆਉਂਦੇ ਹੋਏ, ਗੁਰੂ ਜੀ ਬਗ਼ਦਾਦ ਸ਼ਹਿਰ ਦੇ ਬਾਹਰ, ਇੱਕ ਖੁੱਲ੍ਹੀ ਥਾਂ ਦੇਖ ਕੇ, ਰਾਤ ਕੱਟਣ ਲਈ ਬੈਠ ਗਏ। ਜਦੋਂ ਸ਼ਹਿਰ ਦੇ ਲੋਕਾਂ ਨੂੰ ਪਤਾ ਲੱਗਾ ਕਿ ਉਹ ਫ਼ਕੀਰ ਜਿਸ ਨੇ ਮੱਕੇ ਵਿਚ ਜ਼ਾਹਿਰ ਕਲਾ ਦਿਖਾਈ ਸੀ, ਆਪਣੇ ਮੁਰੀਦ ਨਾਲ ਸ਼ਹਿਰ ਤੋਂ ਬਾਹਰ ਬੈਠਾ ਸੀ ਤਾਂ ਉਹ ਇਕੱਠੇ ਹੋ ਕੇ ਸ਼ਹਿਰ ਦੇ ਕਾਜ਼ੀ ਪਾਸ ਗਏ। ਕਾਜ਼ੀ ਦੇ ਹਿਸਾਬ ਮੁਤਾਬਕ, ਇਸ ਤਰ੍ਹਾਂ ਦੇ ਕਾਫ਼ਰ ਹਿੰਦੂ ਨੂੰ ਪੱਥਰ ਮਾਰ ਕੇ ਮਾਰ ਦੇਣਾ ਬੜਾ ਨੇਕ ਕੰਮ ਸੀ। ਉਸਨੇ ਆਪਣੇ ਕੁਝ ਮੁਰੀਦਾਂ ਨੂੰ ਨਾਲ ਲਿਆ ਅਤੇ ਗੁਰੂ ਜੀ ਨੂੰ ਮਾਰਨ ਲਈ ਚਲ ਪਿਆ। ਅੱਗੇ ਜਾ ਕੇ ਉਨ੍ਹਾਂ ਦੇਖਿਆ ਕਿ ਗੁਰੂ ਜੀ ਕੀਰਤਨ ਕਰ ਰਹੇ ਸਨ ਜਿਹੜਾ ਉਨ੍ਹਾਂ ਦੇ ਅਸੂਲਾਂ ਦੇ ਉਲਟ ਸੀ। ਉਨ੍ਹਾਂ ਦੇ ਕੰਨੀਂ ਜਦੋਂ ਸ਼ਬਦ ਦੀ ਆਵਾਜ਼ ਪਈ ਤਾਂ ਉਨ੍ਹਾਂ ਵਿਚ ਹਿੰਮਤ ਨਾ ਰਹੀ ਕਿ ਉਹ ਗੁਰੂ ਜੀ ਨੂੰ ਪੱਥਰ ਮਾਰ ਸਕਣ। ਉਹ ਸੁੰਨ ਹੋ ਕੇ ਇਕ ਦੂਜੇ ਵੱਲ ਤੱਕਣ ਲੱਗੇ ਅਤੇ ਪੱਥਰ ਉਨ੍ਹਾਂ ਹੱਥੋਂ ਡਿੱਗ ਪਏ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ, "ਉਸ ਮਾਲਕ ਦੇ ਗੁਣ ਗਾਉਣ ਲਈ ਰਾਗ ਬੁਰਾ ਨਹੀਂ, ਪਰ ਉਹ ਰਾਗ ਬੁਰਾ ਹੈ ਜਿਸਦੇ ਗਾਉਣ ਨਾਲ ਮਨ ਉੱਪਰ ਸ਼ੈਤਾਨ ਦਾ ਭੂਤ ਸਵਾਰ ਹੋ ਜਾਵੇ।" ਉਨ੍ਹਾਂ ਗੁਰੂ ਜੀ ਪਾਸੋਂ ਆਪਣੀ ਭੁੱਲ ਦੀ ਮੁਆਫ਼ੀ ਮੰਗੀ ਅਤੇ ਬੇਨਤੀ ਕਰ ਕੇ ਆਪਣੇ ਨਾਲ ਸ਼ਹਿਰ ਲੈ ਗਏ।

ਦੂਜੀ ਸਵੇਰ, ਗੁਰੂ ਜੀ ਨੇ ਇਸ਼ਨਾਨ ਕਰਨ ਪਿੱਛੋਂ ਜਪੁਜੀ ਸਾਹਿਬ ਦਾ ਪਾਠ ਕੀਤਾ। ਤੁਰਦੇ ਫਿਰਦੇ ਬਗ਼ਦਾਦ ਦੇ ਪੀਰ ਜਲਾਲ ਦੀਨ ਦੇ ਕੰਨੀਂ ਇਹ ਆਵਾਜ਼ ਪੈ ਗਈ, "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥" ਉਸਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ। ਗੁਰੂ ਜੀ ਦਾ ਪਾਠ ਸਮਾਪਤ ਹੋਣ ਉਪ੍ਰੰਤ ਕਹਿਣ ਲੱਗਾ, "ਫ਼ਕੀਰ ਜੀ, ਤੁਸੀਂ ਕਹਿੰਦੇ ਹੋ ਕਿ ਲੱਖਾਂ ਪਾਤਾਲ ਅਤੇ ਲੱਖਾਂ ਅਕਾਸ਼ ਹਨ, ਪਰ ਸਾਡੇ ਪੈਗ਼ੰਬਰ ਨੇ ਤਾਂ ਸਾਨੂੰ ਸੱਤ ਪਾਤਾਲ ਅਤੇ ਸੱਤ ਅਕਾਸ਼ ਦੱਸੇ ਹਨ। ਤੁਸੀਂ ਇਹ ਝੂਠ ਕਹਿੰਦੇ ਹੋ।" ਗੁਰੂ ਜੀ ਨੇ ਪੀਰ ਜਲਾਲ ਦੀਨ ਨੂੰ ਕਿਹਾ, "ਤੁਹਾਡੇ ਪੈਗ਼ੰਬਰ ਗ਼ਲਤ ਨਹੀਂ। ਉਨ੍ਹਾਂ ਨੂੰ ਸੱਤ ਅਕਾਸ਼ ਅਤੇ ਸੱਤ ਪਾਤਾਲ ਨਜ਼ਰ ਆਏ, ਉਨ੍ਹਾਂ ਸੱਤ ਕਹਿ ਦਿੱਤੇ। ਮੈਨੂੰ ਲੱਖਾਂ ਨਜ਼ਰ ਆਉਂਦੇ ਹਨ, ਇਸ ਲਈ ਮੈਂ ਲੱਖਾਂ ਕਹਿੰਦਾ ਹਾਂ।" ਪੀਰ ਜਲਾਲ ਦੀਨ ਨੇ ਕਿਹਾ, "ਜਦੋਂ ਤਕ ਤੁਸੀਂ ਦਿਖਾ ਨਹੀਂ ਦਿੰਦੇ, ਮੈਂ ਆਪਦੇ ਕਹਿਣ ਉੱਪਰ ਕਿਵੇਂ ਯਕੀਨ ਕਰ ਲਵਾਂ ?" ਗੁਰੂ ਜੀ ਨੇ ਕਿਹਾ, "ਜਿਸ ਉੱਪਰ ਤੈਨੂੰ ਯਕੀਨ ਹੋਵੇ ਤੂੰ ਉਸਨੂੰ ਮੇਰੇ ਨਾਲ ਭੇਜ ਦੇ। ਮੈਂ ਉਸਨੂੰ ਦਿਖਾ ਦੇਵਾਂਗਾ ਤਾਂ ਤੈਨੂੰ ਇਨ੍ਹਾਂ ਦਾ ਯਕੀਨ ਹੋ ਜਾਵੇਗਾ।"

ਗੁਰੂ ਜੀ ਦੇ ਕਹਿਣ ਉੱਪਰ, ਪੀਰ ਜਲਾਲ ਦੀਨ ਨੇ ਆਪਣੇ ਪੁੱਤਰ ਜੁਲ ਜੁਲਾਲ ਨੂੰ ਗੁਰੂ ਜੀ ਦੇ ਨਾਲ ਜਾਣ ਲਈ ਤਿਆਰ ਕੀਤਾ। ਜਦੋਂ ਸ਼ਹਿਰ ਦੇ ਲੋਕਾਂ ਨੂੰ ਪਤਾ ਲੱਗਾ ਕਿ ਹਿੰਦ ਤੋਂ ਆਏ ਫ਼ਕੀਰ ਨੇ ਪੀਰ ਦੇ ਲੜਕੇ ਨੂੰ ਲੱਖਾਂ ਪਾਤਾਲ ਅਤੇ ਲੱਖਾਂ ਅਕਾਸ਼ ਦਿਖਾਉਣ ਲਈ ਲੈ ਕੇ ਜਾਣਾ ਸੀ ਤਾਂ ਉਸਦੇ ਘਰ ਵਿਚ ਬਹੁਤ ਇਕੱਠ ਹੋ ਗਿਆ। ਲੋਕੀਂ ਆਪਣੀ ਅੱਖੀਂ ਇਹ ਸਭ ਕੁਝ ਦੇਖਣਾ ਚਾਹੁੰਦੇ ਸਨ। ਗੁਰੂ ਜੀ ਨੇ ਪੀਰ ਦੇ ਲੜਕੇ ਨੂੰ ਕਿਹਾ, "ਅੱਖਾਂ ਮੀਟ।" ਜਦ ਉਸਨੇ ਅੱਖਾਂ ਮੀਟੀਆਂ ਤਾਂ ਗੁਰੂ ਜੀ ਅਤੇ ਪੀਰ ਦਾ ਲੜਕਾ ਉਸ ਇਕੱਠ ਵਿੱਚੋਂ ਗੁੰਮ ਹੋ ਗਏ। ਥੋੜ੍ਹੇ ਸਮੇਂ ਪਿੱਛੋਂ ਉਹ ਫਿਰ ਪਰਤ ਆਏ। ਗੁਰੂ ਜੀ ਨੇ ਉਸਨੂੰ ਲੱਖਾਂ ਪਾਤਾਲ ਅਤੇ ਅਕਾਸ਼ ਦਿਖਾ ਕੇ ਲੈ ਆਂਦਾ। ਲੜਕੇ ਦੇ ਹੱਥ ਵਿਚ ਇਕ ਲੱਕੜੀ ਦਾ ਕੌਲਾ ਪ੍ਰਸ਼ਾਦ ਦਾ ਭਰਿਆ ਹੋਇਆ ਸੀ। ਪੀਰ ਦੇ ਲੜਕੇ ਨੇ ਦੱਸਿਆ, "ਮੈਨੂੰ ਲੱਖਾਂ ਅਕਾਸ਼ ਅਤੇ ਪਾਤਾਲ ਹੋਣ ਦਾ ਯਕੀਨ ਆ ਗਿਆ ਹੈ। ਮੈਂ ਇਸ ਕੌਲੇ ਵਿਚ ਹਰ ਥਾਂ ਤੋਂ ਥੋੜ੍ਹਾ ਥੋੜ੍ਹਾ ਪ੍ਰਸ਼ਾਦ ਪਾਉਂਦਾ ਰਿਹਾ। ਥੋੜ੍ਹੇ ਥੋੜ੍ਹੇ ਪ੍ਰਸ਼ਾਦ ਨਾਲ ਹੀ ਇਹ ਕੌਲਾ ਭਰ ਗਿਆ। ਮੈਂ ਦੇਖਦਾ ਦੇਖਦਾ ਥੱਕ ਗਿਆ। ਅੰਤ ਵਿਚ ਮੈਂ ਫ਼ਕੀਰ ਨੂੰ ਵਾਪਸ ਮੁੜਨ ਲਈ ਬੇਨਤੀ ਕੀਤੀ। ਫ਼ਕੀਰ ਦੇ ਕਹਿਣ ਉੱਪਰ ਅੱਖਾਂ ਖੋਲ੍ਹੀਆਂ ਅਤੇ ਦੇਖਿਆ ਕਿ ਮੈਂ ਫਿਰ ਇਸ ਇਕੱਠ ਵਿਚ ਖੜ੍ਹਾ ਹਾਂ ਅਤੇ ਪ੍ਰਸ਼ਾਦ ਦਾ ਕੌਲਾ ਮੇਰੇ ਹੱਥ ਵਿਚ ਹੈ। ਪ੍ਰਸ਼ਾਦ ਅਜੇ ਵੀ ਗਰਮ ਹੈ।"


NUMEROUS PLANETS, NUMEROUS STARS
ਲੱਖਾਂ ਪਤਾਲ ਲੱਖਾਂ ਅਕਾਸ਼

Pride Hath a Fall

On their return journey from Mecca, Guru Nanak and Bhai Mardana reached Hassan Abdal in the Attock district of Kandhar state at the place where Gurdwara Panja Sahib stands in grace. Bhai Mardana requested Guru Nanak, "I am very thirsty. May I go and get some water to drink from somebody ?" Guru Nanak told him, "There is a great shortage of water. Even if you ask, you may not get water from any house to quench your thirst. A fakir named Wali Kandhari lives on this mountain. There is a spring of water at his place. He does not allow local people to take water even for drinking. Perhaps being a traveller, he may take pity on you and let you drink water from the spring."

Taking permission from Guru Nanak, Bhai Mardana climbed the hill on which Wali Kandhari had his hut. Reaching there, he sought permission from him to drink water from the spring. Wali Kandhari said, "I am keeping the water of this spring for myself to drink. If I allow others to take water from it, it will finish." Bhai Mardana said, "I am a stranger. I don't know of anyother place from where I may get water to drink. Please give me some water to quench my thirst." Wali Kandhari did not agree. Bhai Mardana came back to Guru Nanak.

Guru Nanak said to Bhai Mardana, "Tell him that men of God should not be selfish. Whatever is given to them by God should be shared with others. God is pleased only this way." Bhai Mardana climbed the hill a second time and he told Wali Kandhari all that Guru Nanak had said. Wali Kandhari said in reply, "You are a Muslim and believer in Allah—God. Why are you roaming with an infidel ? If he has some power, why can't he get you water to drink ? What is the need to send you to me again and again ?"

Bhai Mardana came back to Guru Nanak and told him what he had said. Guru Nanak said, "Bhai Mardana, whatever God does, He does it right. Rise, do not be broken-hearted. Remove that stone from its place." When Bhai Mardana moved that stone aside, pure water flowed out. Bhai Mardana thanked God.

When Wali Kandhari sitting at the top of the hill, looked at his spring, he saw that its water had started ebbing out. He stood up and saw that Bhai Mardana was drinking water below. The water of his spring had come out at the place, from where Bhai Mardana had removed the stone. Wali Kandhari was greatly enraged at this. To kill both of them, he rolled a big stone down the hill. Guru Nanak put forward his right hand and stopped the stone. That stone was coming down the hill with such a force that Guru Nanak's hand sunk into it leaving the mark which can be seen up to this day.

When Wali Kandhari saw the stone stopped, he came to Guru Nanak and asked forgiveness for his mistake. Guru Nanak said, "Wali Kandhari, one should not be proud of God's gifts. He can take them away at his will as He has taken away the spring of water from you."

ਹੰਕਾਰੀ ਦਾ ਸਿਰ ਨੀਵਾਂ

ਗੁਰੂ ਜੀ ਅਤੇ ਭਾਈ ਮਰਦਾਨਾ, ਮੱਕੇ ਦੀ ਫੇਰੀ ਤੋਂ ਵਾਪਸ ਆਉਂਦੇ ਹੋਏ ਕੰਧਾਰ ਦੇਸ਼ ਵਿਚ ਹਸਨ ਅਬਦਾਲ, ਜ਼ਿਲ੍ਹਾ ਅਟਕ ਪੁੱਜੇ, ਜਿਥੇ ਅੱਜ-ਕੱਲ੍ਹ ਗੁਰਦੁਆਰਾ ਪੰਜਾ ਸਾਹਿਬ ਸ਼ੋਭਾ ਦੇ ਰਿਹਾ ਹੈ। ਭਾਈ ਮਰਦਾਨੇ ਨੇ ਬੇਨਤੀ ਕੀਤੀ, "ਗੁਰੂ ਜੀ, ਬਹੁਤ ਪਿਆਸ ਲੱਗੀ ਹੈ। ਆਗਿਆ ਦੇਵੋ ਤਾਂ ਮੈਂ ਕਿਸੇ ਪਾਸੋਂ ਮੰਗ ਕੇ ਪਾਣੀ ਪੀ ਆਵਾਂ।" ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਇਥੇ ਪਾਣੀ ਦੀ ਬਹੁਤ ਤੰਗੀ ਹੈ। ਕਿਸੇ ਘਰ ਵਿੱਚੋਂ ਮੰਗਿਆਂ ਪਾਣੀ ਨਹੀਂ ਮਿਲਣਾ। ਇਸ ਪਹਾੜੀ ਉੱਪਰ ਇਕ ਫ਼ਕੀਰ ਰਹਿੰਦਾ ਹੈ ਜਿਸਦਾ ਨਾਂ ਵਲੀ ਕੰਧਾਰੀ ਹੈ। ਉਸ ਪਾਸ ਪਾਣੀ ਦਾ ਚਸ਼ਮਾ ਹੈ। ਆਸ ਪਾਸ ਦੇ ਲੋਕਾਂ ਨੂੰ ਉਹ ਚਸ਼ਮੇ ਵਿੱਚੋਂ ਪੀਣ ਲਈ ਵੀ ਪਾਣੀ ਨਹੀਂ ਲੈਣ ਦਿੰਦਾ। ਸ਼ਾਇਦ ਤੈਨੂੰ ਇੱਕ ਪ੍ਰਦੇਸੀ ਜਾਣ ਕੇ ਤਰਸ ਖਾ ਜਾਵੇ ਅਤੇ ਚਸ਼ਮੇ ਵਿੱਚੋਂ ਪਾਣੀ ਪੀ ਲੈਣ ਦੇਵੇ।"

ਗੁਰੂ ਜੀ ਪਾਸੋਂ ਆਗਿਆ ਲੈ ਕੇ ਭਾਈ ਮਰਦਾਨਾ ਉਸ ਪਹਾੜੀ ਉੱਪਰ ਚੜ੍ਹ ਗਿਆ ਜਿੱਥੇ ਵਲੀ ਕੰਧਾਰੀ ਦੀ ਝੁੱਗੀ ਸੀ। ਉਥੇ ਪੁੱਜ ਕੇ ਉਸ ਨੇ ਵਲੀ ਕੰਧਾਰੀ ਪਾਸੋਂ ਚਸ਼ਮੇ ਵਿੱਚੋਂ ਪਾਣੀ ਪੀਣ ਦੀ ਆਗਿਆ ਮੰਗੀ। ਵਲੀ ਕੰਧਾਰੀ ਨੇ ਕਿਹਾ, "ਇਸ ਚਸ਼ਮੇ ਦਾ ਪਾਣੀ ਮੈਂ ਆਪਣੇ ਪੀਣ ਲਈ ਰੱਖਿਆ ਹੈ। ਜੇ ਮੈਂ ਪਾਣੀ ਦੂਜਿਆਂ ਨੂੰ ਪੀਣ ਦਿੰਦਾ ਰਿਹਾ ਤਾਂ ਇਹ ਮੁੱਕ ਜਾਵੇਗਾ।" ਭਾਈ ਮਰਦਾਨੇ ਨੇ ਕਿਹਾ, "ਮੈਂ ਇੱਕ ਪ੍ਰਦੇਸੀ ਹਾਂ। ਮੈਨੂੰ ਕਿਸੇ ਹੋਰ ਥਾਂ ਦਾ ਪਤਾ ਨਹੀਂ ਜਿੱਥੋਂ ਪੀਣ ਲਈ ਪਾਣੀ ਮਿਲ ਸਕਦਾ ਹੋਵੇ। ਮੈਨੂੰ ਥੋੜ੍ਹਾ ਜਿਹਾ ਪਾਣੀ ਪਿਆਸ ਬੁਝਾਉਣ ਲਈ ਦੇ ਦੇ।" ਵਲੀ ਕੰਧਾਰੀ ਨਾ ਮੰਨਿਆ। ਭਾਈ ਮਰਦਾਨਾ ਗੁਰੂ ਜੀ ਪਾਸ ਪਰਤ ਆਇਆ।

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, "ਉਸਨੂੰ ਕਹਿ ਕਿ ਫ਼ਕੀਰਾਂ ਨੂੰ ਹੰਕਾਰੀ ਨਹੀਂ ਹੋਣਾ ਚਾਹੀਦਾ। ਜੋ ਕੁਝ ਖ਼ੁਦਾ ਦਾ ਦਿੱਤਾ ਹੋਇਆ ਹੈ ਉਹ ਵੰਡ ਕੇ ਛਕਣਾ ਚਾਹੀਦਾ ਹੈ। ਖ਼ੁਦਾ ਇਸ ਵਿਚ ਹੀ ਖ਼ੁਸ਼ ਹੁੰਦਾ ਹੈ। ਭਾਈ ਮਰਦਾਨਾ ਦੂਜੀ ਵਾਰੀ ਪਹਾੜੀ ਉੱਪਰ ਚੜ੍ਹ ਗਿਆ ਅਤੇ ਜਾ ਕੇ ਉਸਨੇ ਵਲੀ ਕੰਧਾਰੀ ਨੂੰ ਉਸੇ ਤਰ੍ਹਾਂ ਕਹਿ ਦਿੱਤਾ ਜਿਵੇਂ ਗੁਰੂ ਜੀ ਨੇ ਦੱਸਿਆ ਸੀ। ਵਲੀ ਕੰਧਾਰੀ ਨੇ ਅੱਗੋਂ ਕਿਹਾ, "ਤੂੰ ਇਕ ਮੋਮਨ ਹੋ ਕੇ ਇੱਕ ਕਾਫ਼ਰ ਦੇ ਨਾਲ ਫਿਰ ਰਿਹਾ ਹੈਂ। ਜੇ ਉਸ ਪਾਸ ਕੋਈ ਸ਼ਕਤੀ ਹੈ ਤਾਂ ਉਹ ਤੈਨੂੰ ਪਾਣੀ ਕਿਉਂ ਨਹੀਂ ਪਿਲਾ ਦਿੰਦਾ, ਮੁੜ ਮੁੜ ਮੇਰੇ ਪਾਸ ਭੇਜਣ ਦੀ ਕੀ ਲੋੜ ਹੈ?" ਭਾਈ ਮਰਦਾਨੇ ਨੇ ਆ ਕੇ ਗੁਰੂ ਜੀ ਨੂੰ ਉਵੇਂ ਹੀ ਦੱਸਿਆ ਜਿਵੇਂ ਵਲੀ ਕੰਧਾਰੀ ਨੇ ਕਿਹਾ ਸੀ। ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਕਰਤਾਰ ਜੋ ਕਰਦਾ ਹੈ ਸਭ ਭਲੀ ਕਰਦਾ ਹੈ। ਉੱਠ, ਨਿਢਾਲ ਨਾ ਹੋ। ਉਹ ਪੱਥਰ ਪਾਸੇ ਕਰ।" ਭਾਈ ਮਰਦਾਨੇ ਨੇ ਪੱਥਰ ਪਾਸੇ ਕੀਤਾ ਤਾਂ ਉਸ ਦੇ ਥੱਲਿਉਂ ਨਿਰਮਲ ਜਲ ਨਿਕਲ ਆਇਆ। ਭਾਈ ਮਰਦਾਨੇ ਨੇ ਕਰਤਾਰ ਦਾ ਸ਼ੁਕਰ ਕੀਤਾ।

ਪਹਾੜੀ ਉੱਪਰ ਬੈਠੇ ਵਲੀ ਕੰਧਾਰੀ ਦੀ ਨਜ਼ਰ ਜਦੋਂ ਆਪਣੇ ਚਸ਼ਮੇ ਉੱਪਰ ਪਈ ਤਾਂ ਉਸਨੇ ਦੇਖਿਆ ਕਿ ਉਸਦਾ ਪਾਣੀ ਘਟ ਰਿਹਾ ਸੀ। ਉਸਨੇ ਖੜਾ ਹੋ ਕੇ ਦੇਖਿਆ, ਭਾਈ ਮਰਦਾਨਾ ਥੱਲੇ ਪਾਣੀ ਪੀ ਰਿਹਾ ਸੀ। ਉਸਦੇ ਚਸ਼ਮੇ ਦਾ ਪਾਣੀ ਉਸ ਥਾਂ ਫੁਟ ਪਿਆ ਸੀ ਜਿੱਥੋਂ ਭਾਈ ਮਰਦਾਨੇ ਨੇ ਪੱਥਰ ਪਾਸੇ ਕੀਤਾ ਸੀ। ਇਸ ਉੱਪਰ ਵਲੀ ਕੰਧਾਰੀ ਨੂੰ ਬਹੁਤ ਗ਼ੁੱਸਾ ਆਇਆ। ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਮਾਰਨ ਲਈ ਉਸਨੇ ਇਕ ਵੱਡਾ ਪੱਥਰ ਪਹਾੜੀ ਉੱਪਰੋਂ ਰੇੜ੍ਹ ਦਿੱਤਾ। ਗੁਰੂ ਜੀ ਨੇ ਅੱਗੇ ਹੱਥ ਕਰ ਕੇ ਪੱਥਰ ਰੋਕ ਦਿੱਤਾ। ਉਹ ਪੱਥਰ ਪਹਾੜੀ ਉੱਪਰੋਂ ਰਿੜ੍ਹਦਾ ਏਨੀ ਤੇਜ਼ੀ ਨਾਲ ਆ ਰਿਹਾ ਸੀ ਕਿ ਗੁਰੂ ਜੀ ਦੇ ਹੱਥ ਦਾ ਪੰਜਾ ਉਸ ਵਿਚ ਧੱਸ ਗਿਆ, ਜਿਸਦਾ ਨਿਸ਼ਾਨ ਉਸ ਪੱਥਰ ਵਿਚ ਅੱਜ ਤਕ ਨਜ਼ਰ ਆਉਂਦਾ ਹੈ। ਵਲੀ ਕੰਧਾਰੀ ਨੇ ਜਦੋਂ ਪੱਥਰ ਰੁਕਿਆ ਦੇਖਿਆ ਤਾਂ ਉਸਨੇ ਗੁਰੂ ਜੀ ਪਾਸ ਆ ਕੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ। ਗੁਰੂ ਜੀ ਨੇ ਕਿਹਾ, "ਵਲੀ ਕੰਧਾਰੀ, ਖ਼ੁਦਾ ਦੀ ਦਿੱਤੀ ਵਸਤੂ ਦਾ ਕੀ ਹੰਕਾਰ, ਜਦੋਂ ਚਾਹੇ ਉਹ ਖੋਹ ਲਵੇ, ਜਿਵੇਂ ਤੇਰੇ ਪਾਸੋਂ ਪਾਣੀ ਦਾ ਚਸ਼ਮਾ ਖੋਹ ਲਿਆ।"


ਹੰਕਾਰੀ ਦਾ ਸਿਰ ਨੀਵਾਂ
PRIDE HATH A FALL

Eternally Married

There lived a hermit called Shau Suhagan at Dinga Nagar in the district of Gujrat now in Pakistan. He always dressed in red clothes like those of a newly married bride. He wanted people to think of him as married to God who is alive forever. Guru Nanak said to Bhai Mardana, "Come, Bhai Mardana, let us go and meet that Shau Suhagan whom people go to see and praise a lot."

Guru Nanak and Bhai Mardana reached his hermitage. On that day, there was a big gathering of people at his hermitage as if there was a fair. The people coming to the place handed over their offerings to the attendant standing at the door and moved on. On being asked the people said, "On the day of full moon, Shau Suhagan does not reveal his face to anybody. Early in the morning he spreads flowers in his courtyard and retires to his room as if he is waiting for somebody to pay him a visit."

Guru Nanak said to the attendant standing at the door, "Go in and convey our message to Shau Suhagan that two fakirs have come to see you." The attendant conveyed the message of Guru Nanak to him. Shau Suhagan said to the attendant, "Go and tell them that I cannot see them today. I am to see God, my husband today. They can come tomorrow to see me." The attendant came back and spoke accordingly.

Guru Nanak said to Bhai Mardana, "Had Shau Suhagan beheld the Lord, he would see Him in His creation. These are all pretences that God comes to visit him." Guru Nanak and Bhai Mardana came away from the hermitage. On their return, Bhai Mardana looked at the hermitage. He saw that people were fighting among themselves. That fight was a free for all. The flowers which Shau Suhagan had spread to welcome his husband,lay trampled upon. The decoration of the hermitage had disappeared. The offerings left with the attendant were being thrown at each other in the fight. People going away from the hermitage were saying, "Shau Suhagan was a liar. It was a fraud that God visits him."

The next morning, a lame fakir came to Guru Nanak and fell at his feet. Guru Nanak asked, "Shau Suhagan, where are your red clothes ? Why are you dressed as a beggar ? Why are you limping ? God used to come to visit you. People were praising you. What happened to you ?" He replied, "That was a fraud, I had created. Please forgive me. My lord, please come to the hermitage. I have come to take you."

At his humble request, Guru Nanak and Bhai Mardana went with him. The people of the city began assembling at his hermitage to see the newly arrived fakirs. On that day people were coming to have a sight of the true guide, in the place which only the previous day they had left in anger at discovering they had been deceived.

ਸ਼ਹੁ ਸੁਹਾਗਣ


ਡਿੰਗਾ ਨਗਰ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਇੱਕ ਫ਼ਕੀਰ ਰਹਿੰਦਾ ਸੀ। ਉਹ ਸਦਾ ਲਾਲ ਰੰਗ ਦੇ ਕਪੜੇ ਪਾ ਕੇ ਰੱਖਦਾ ਸੀ ਜਿਵੇਂ ਇੱਕ ਨਵੀਂ ਵਿਆਹੀ ਲਾੜੀ ਦੇ ਹੁੰਦੇ ਹਨ। ਉਹ ਆਪਣੇ ਆਪ ਨੂੰ ਸ਼ਹੁ ਸੁਹਾਗਣ ਅਖਵਾਉਂਦਾ ਸੀ ਜਿਸਦਾ ਪਤੀ (ਪਰਮਾਤਮਾ) ਸਦਾ ਲਈ ਅਮਰ ਹੈ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, "ਚਲ ਭਾਈ ਮਰਦਾਨਿਆ, ਉਸ ਸ਼ਹੁ ਸੁਹਾਗਣ ਨੂੰ ਮਿਲ ਆਈਏ ਜਿਸ ਨੂੰ ਲੋਕੀਂ ਦੇਖਣ ਲਈ ਜਾਂਦੇ ਹਨ ਅਤੇ ਉਸਦੀ ਤਾਰੀਫ਼ ਕਰਦੇ ਹਨ।"

ਗੁਰੂ ਜੀ ਅਤੇ ਭਾਈ ਮਰਦਾਨਾ ਉਸਦੇ ਡੇਰੇ ਪੁੱਜੇ। ਉਸ ਦਿਨ ਡੇਰੇ ਉੱਪਰ ਬਹੁਤ ਭੀੜ ਸੀ ਜਿਵੇਂ ਕੋਈ ਮੇਲਾ ਲੱਗਾ ਹੋਵੇ। ਆਉਣ ਵਾਲੇ ਲੋਕੀਂ ਦਰਵਾਜ਼ੇ ਉੱਪਰ ਖੜੇ ਸੇਵਾਦਾਰ ਨੂੰ ਆਪਣੀਆਂ ਭੇਟਾਵਾਂ ਦੇ ਕੇ ਅੱਗੇ ਅੱਗੇ ਹੁੰਦੇ ਜਾ ਰਹੇ ਸਨ। ਪੁੱਛਣ ਉੱਪਰ ਲੋਕਾਂ ਦੱਸਿਆ, "ਪੂਰਨਮਾਸ਼ੀ ਵਾਲੇ ਦਿਨ ਸ਼ਹੁ ਸੁਹਾਗਣ ਕਿਸੇ ਨੂੰ ਆਪਣਾ ਮੂੰਹ ਨਹੀਂ ਦਿਖਾਉਂਦਾ। ਸਵੇਰੇ ਸਵੇਰੇ, ਉਹ ਆਪਣੇ ਡੇਰੇ ਦੇ ਵਿਹੜੇ ਵਿਚ ਫੁੱਲ ਖਿਲਾਰ ਕੇ ਆਪਣੇ ਕਮਰੇ ਅੰਦਰ ਚਲਿਆ ਜਾਂਦਾ ਹੈ, ਜਿਵੇਂ ਕਿਸੇ ਦੇ ਆਉਣ ਦੀ ਉਡੀਕ ਵਿਚ ਹੋਵੇ।" ਗੁਰੂ ਜੀ ਨੇ ਦਰਵਾਜ਼ੇ ਉੱਪਰ ਖੜੇ ਸੇਵਾਦਾਰ ਨੂੰ ਕਿਹਾ, "ਅੰਦਰ ਜਾ ਕੇ ਸ਼ਹੁ ਸੁਹਾਗਣ ਨੂੰ ਸਾਡਾ ਸੁਨੇਹਾ ਦੇ ਕਿ ਉਸਨੂੰ ਦੋ ਫ਼ਕੀਰ ਮਿਲਣ ਆਏ ਹਨ।" ਸੇਵਾਦਾਰ ਨੇ ਗੁਰੂ ਜੀ ਦਾ ਸੁਨੇਹਾ ਅੰਦਰ ਜਾ ਕੇ ਸ਼ਹੁ ਸੁਹਾਗਣ ਨੂੰ ਦੇ ਦਿੱਤਾ। ਅੱਗੋਂ ਸ਼ਹੁ ਸੁਹਾਗਣ ਨੇ ਸੇਵਾਦਾਰ ਨੂੰ ਕਿਹਾ, "ਜਾ ਕੇ ਉਨ੍ਹਾਂ ਫ਼ਕੀਰਾਂ ਨੂੰ ਕਹਿ ਦੇ ਕਿ ਅੱਜ ਦੇ ਦਿਨ ਉਹ ਮੈਨੂੰ ਨਹੀਂ ਮਿਲ ਸਕਦੇ। ਮੈਂ ਅੱਜ ਆਪਣੇ ਪਤੀ ਪਰਮਾਤਮਾ ਨੂੰ ਮਿਲਣਾ ਹੈ। ਕੱਲ੍ਹ ਨੂੰ ਮਿਲਣ ਲਈ ਆ ਜਾਣ।" ਸੇਵਾਦਾਰ ਨੇ ਵਾਪਸ ਆ ਕੇ ਗੁਰੂ ਜੀ ਨੂੰ ਉਸੇ ਤਰ੍ਹਾਂ ਦੱਸ ਦਿੱਤਾ।

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, "ਜੇ ਸ਼ਹੁ ਸੁਹਾਗਣ ਨੂੰ ਪਤੀ ਦੇ ਦਰਸ਼ਨ ਹੋਏ ਹੁੰਦੇ ਤਾਂ ਉਹ ਇਸ ਨੂੰ ਹਰ ਭੇਸ ਵਿਚ ਨਜ਼ਰ ਆਉਂਦਾ। ਇਹ ਸਭ ਉਸਦੇ ਪਖੰਡ ਹਨ ਕਿ ਉਸ ਨੂੰ ਪਰਮਾਤਮਾ ਦਰਸ਼ਨ ਦੇਣ ਆਉਂਦਾ ਹੈ।" ਗੁਰੂ ਜੀ ਅਤੇ ਭਾਈ ਮਰਦਾਨਾ ਉਸ ਭੀੜ ਵਿੱਚੋਂ ਬਾਹਰ ਨਿਕਲ ਆਏ। ਵਾਪਸ ਆਉਂਦੇ ਹੋਏ ਭਾਈ ਮਰਦਾਨੇ ਦੀ ਨਿਗਾਹ ਡੇਰੇ ਉੱਪਰ ਗਈ ਤਾਂ ਉਸ ਨੇ ਦੇਖਿਆ ਕਿ ਲੋਕੀਂ ਆਪਸ ਵਿਚ ਲੜ ਰਹੇ ਸਨ। ਮਾਰ-ਕੁਟਾਈ ਹੋ ਰਹੀ ਸੀ। ਸ਼ਹੁ ਸੁਹਾਗਣ ਨੇ ਜਿਹੜੇ ਫੁੱਲ ਆਪਣੇ ਪਤੀ ਦੀ ਉਡੀਕ ਵਿਚ ਵਿਛਾਏ ਸਨ ਸਭ ਮਿੱਧੇ ਗਏ ਸਨ। ਡੇਰੇ ਦੀ ਸਜਾਵਟ ਖ਼ਤਮ ਹੋ ਗਈ ਸੀ। ਸੇਵਾਦਾਰ ਪਾਸ ਜਿਹੜੀਆਂ ਭੇਟਾਵਾਂ ਚੜ੍ਹਾਵੇ ਵਜੋਂ ਆਈਆਂ ਸਨ ਉਹ ਸਭ ਲੜਾਈ ਵਿਚ ਇਕ ਦੂਜੇ ਉੱਪਰ ਸੁੱਟੀਆਂ ਜਾ ਰਹੀਆਂ ਸਨ। ਡੇਰੇ ਤੋਂ ਵਾਪਸ ਜਾਂਦੇ ਲੋਕੀਂ ਆਪਸ ਵਿਚ ਗੱਲਾਂ ਕਰਦਿਆਂ ਕਹਿ ਰਹੇ ਸਨ ਕਿ ਇਹ ਸ਼ਹੁ ਸੁਹਾਗਣ ਤਾਂ ਝੂਠਾ ਸੀ। ਇਹ ਇਕ ਪਖੰਡੀ ਸੀ।

ਦੂਜੀ ਸਵੇਰ, ਇੱਕ ਲੰਗੜਾਉਂਦਾ ਹੋਇਆ ਫ਼ਕੀਰ ਗੁਰੂ ਜੀ ਪਾਸ ਆਇਆ ਅਤੇ ਗੁਰੂ ਜੀ ਦੇ ਚਰਨਾਂ ਉੱਪਰ ਢਹਿ ਪਿਆ। ਗੁਰੂ ਜੀ ਨੇ ਪੁੱਛਿਆ, "ਤੇਰੇ ਲਾਲ ਕੱਪੜੇ ਕਿੱਧਰ ਗਏ ਹਨ ? ਤੂੰ ਇਹ ਮੰਗਤਿਆਂ ਵਾਲਾ ਭੇਸ ਕਿਉਂ ਬਣਾ ਲਿਆ ਹੈ ? ਤੂੰ ਲੰਗੜਾ ਕਿਉਂ ਰਿਹਾ ਏਂ ? ਤੈਨੂੰ ਤਾਂ ਪਰਮਾਤਮਾ ਦਰਸ਼ਨ ਦੇਣ ਆਉਂਦਾ ਸੀ। ਤੇਰੀ ਤਾਂ ਲੋਕ ਬਹੁਤ ਉੱਪਮਾ ਕਰਦੇ ਸੀ। ਇਹ ਤੇਰਾ ਕੀ ਹਾਲ ਹੈ ?" ਉਸਨੇ ਉੱਤਰ ਦਿੱਤਾ, "ਉਹ ਸਭ ਪਖੰਡ ਸੀ, ਜਿਹੜਾ ਮੈਂ ਰਚਿਆ ਹੋਇਆ ਸੀ। ਮੈਨੂੰ ਮੁਆਫ਼ ਕਰ ਦੇਵੋ। ਮੇਰੇ ਨਾਲ ਉਸ ਡੇਰੇ ਉੱਪਰ ਚਲੋ। ਮੈਂ ਆਪ ਨੂੰ ਲੈਣ ਆਇਆ ਹਾਂ।"

ਉਸਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਜੀ ਅਤੇ ਭਾਈ ਮਰਦਾਨਾ ਉਹਦੇ ਨਾਲ ਡੇਰੇ ਆ ਗਏ। ਨਵੇਂ ਆਏ ਫ਼ਕੀਰਾਂ ਦੇ ਦਰਸ਼ਨ ਕਰਨ ਲਈ ਸ਼ਹਿਰ ਦੇ ਲੋਕੀਂ ਉਸ ਦੇ ਡੇਰੇ ਪੁੱਜਣ ਲੱਗੇ। ਇੱਕ ਦਿਨ ਪਹਿਲਾਂ ਜਿਸ ਡੇਰੇ ਉੱਪਰ, ਸ਼ਹਿਰ ਦੇ ਲੋਕੀਂ ਪਖੰਡ ਦਾ ਪਾਜ ਖੁਲ੍ਹਦਾ ਦੇਖ ਕੇ ਗਏ ਸਨ, ਅੱਜ ਉੱਥੇ ਸੱਚਾ ਰਸਤਾ ਦਿਖਾਉਣ ਵਾਲੇ ਆਗੂ ਦੇ ਦਰਸ਼ਨ ਕਰਨ ਜਾ ਰਹੇ ਸਨ।


ਸ਼ਹੁ ਸੁਹਾਗਣ
ETERNALLY MARRIED

Barbarity of Babar

On his way back from Mecca, Guru Nanak had seen at Kabul, how Babar was making preparations to attack India. Before the invasion of Babar, Guru Nanak reached Aimanabad. There he stayed with Bhai Lalo whom he had appointed the first teacher of his mission. To tell the people of the city about the coming invasion, he recited a hymn—"Babar is coming from Kabul for the attack. He will take away everything from the people by force. There will be a bloodshed on a large scale. This will all happen before the Creator of this world."

The day came when Babar reached Aimanabad. The rulers had made no military preparations to face Babar but paid some Mullahs (Islamic Teachers) to read verses from the holy Koran (Islamic Religious Book). Babar was the victor. The victorious army looted the city as they pleased. Nobody was there to stop them. After a general massacre all the men, women and children who escaped death, were taken prisoners. The invaders gathered them all together and gave them handmills to grind flour for the army. Guru Nanak and Bhai Mardana were also taken prisoners and put on the job of grinding flour.

All the prisoners were weeping when Guru Nanak entered the prison camp. It was natural for them to cry because their near and dear ones had been killed before their eyes, their houses had been plundered and they were being forced to grind flour. On seeing the prisoners crying, Guru Nanak recited a hymn which gave them peace and stopped them crying. They realised that it was because they had forgotten God that they were in this sad plight. Those women who had once lovely hair, fully decoracted as symbol of being married and who used to sit on sofas in palaces, had their hair shorn with sickles and were made to sit on the ground, grinding flour. Their beauty had become their enemy. Had they remembered God, the Master before, they would not have had to see that bad day. They had forgotten the Lord in their love for worldly possessions.

Babar's general, Mir Khan reported to Babar how all the prisoners had become quiet and contented on hearing Guru Nanak recite his hymn. Babar visited the prison and saw with his own eyes and ordered that Guru Nanak be released. Guru Nanak said, "O king, I cannot go outside alone, I shall only go if all these prisoners are released along with me." All the prisoners were released at Guru Nanak's insistence.

Babar was pleased with Guru Nanak and said, "Fakir, ask for anything more." Guru Nanak replied, "God who sustains all has given me enough. All kings are due to his grace. One who depends upon other men is always a loser. Anyone who begs from you is ignorant." Mir Khan said to Babar, "O king, it is not for us to give to fakirs. We are the ones who should ask from them."


ਬਾਬਰ ਦਾ ਜ਼ੁਲਮ

ਗੁਰੂ ਜੀ ਮੱਕੇ ਤੋਂ ਵਾਪਸ ਆਉਂਦੇ ਹੋਏ ਕਾਬਲ ਵਿਚ ਦੇਖ ਆਏ ਸਨ ਕਿ ਕਿਵੇਂ ਬਾਬਰ ਭਾਰਤ ਉੱਪਰ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਸੀ। ਬਾਬਰ ਦੇ ਹਮਲਾ ਕਰਨ ਤੋਂ ਪਹਿਲਾਂ ਗੁਰੂ ਜੀ ਐਮਨਾਬਾਦ ਭਾਈ ਲਾਲੋ ਪਾਸ ਪੁੱਜੇ, ਜਿਨ੍ਹਾਂ ਨੂੰ ਉਹ ਆਪਣੇ ਮਿਸ਼ਨ ਦਾ ਪਹਿਲਾ ਪ੍ਰਚਾਰਕ ਥਾਪ ਗਏ ਸਨ। ਉਸ ਸ਼ਹਿਰ ਦੇ ਲੋਕਾਂ ਨੂੰ ਹਮਲੇ ਤੋਂ ਜਾਣੂ ਕਰਵਾਉਣ ਲਈ ਗੁਰੂ ਜੀ ਨੇ ਸ਼ਬਦ ਰਾਹੀਂ ਦੱਸਿਆ ਕਿ ਬਾਬਰ ਕਾਬਲ ਤੋਂ ਹਮਲਾ ਕਰਨ ਲਈ ਆ ਰਿਹਾ ਹੈ। ਲੋਕਾਂ ਪਾਸੋਂ ਉਹ ਜ਼ੋਰ ਨਾਲ ਸਭ ਕੁਝ ਖੋਹ ਲਵੇਗਾ। ਬੜਾ ਖ਼ੂਨ-ਖ਼ਰਾਬਾ ਹੋਵੇਗਾ। ਇਹ ਸਭ ਕੁਝ ਦੁਨੀਆਂ ਨੂੰ ਪੈਦਾ ਕਰਨ ਵਾਲੇ ਦੇ ਸਾਹਮਣੇ ਹੋਵੇਗਾ।

ਉਹ ਦਿਨ ਆ ਗਿਆ ਜਦੋਂ ਬਾਬਰ ਐਮਨਾਬਾਦ ਪੁੱਜ ਗਿਆ। ਪਠਾਣਾਂ ਨੇ ਬਾਬਰ ਦੇ ਟਾਕਰੇ ਲਈ ਕੋਈ ਫ਼ੌਜੀ ਤਿਆਰੀ ਤਾਂ ਕੀਤੀ ਨਹੀਂ ਸੀ ਪਰ ਕੁਝ ਮੌਲਵੀ ਕਲਮਾ ਪੜ੍ਹਨ ਲਈ ਪੈਸੇ ਦੇ ਕੇ ਬਿਠਾਏ ਸਨ। ਪਠਾਣਾਂ ਦਾ ਖ਼ਿਆਲ ਸੀ ਕਿ ਕਲਮਾ ਪੜ੍ਹਨ ਨਾਲ ਉਨ੍ਹਾਂ ਦੀ ਬਲਾਅ ਟਲ ਜਾਵੇਗੀ। ਬਾਬਰ ਦੀ ਜਿੱਤ ਹੋਈ। ਜੇਤੂ ਫ਼ੌਜ ਨੇ ਦਿਲ ਖੋਲ੍ਹ ਕੇ ਸ਼ਹਿਰ ਨੂੰ ਲੁੱਟਿਆ ਅਤੇ ਮਨ-ਮਰਜ਼ੀਆਂ ਕੀਤੀਆਂ। ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਕਤਲੇਆਮ ਤੋਂ ਪਿੱਛੋਂ ਜਿਹੜੇ ਮਰਦ, ਇਸਤ੍ਰੀਆਂ ਅਤੇ ਬੱਚੇ ਬਚੇ, ਉਨ੍ਹਾਂ ਸਭ ਨੂੰ ਉਨ੍ਹਾਂ ਨੇ ਬੰਦੀ ਬਣਾ ਲਿਆ। ਸਾਰਿਆਂ ਨੂੰ ਇਕੱਠੇ ਕਰ ਕੇ ਫ਼ੌਜ ਲਈ ਆਟਾ ਪੀਸਣ ਲਈ ਚੱਕੀਆਂ ਦੇ ਦਿੱਤੀਆਂ। ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਵੀ ਬੰਦੀ ਬਣਾ ਕੇ ਆਟਾ ਪੀਸਣ ਲਈ ਬਿਠਾ ਦਿੱਤਾ ਗਿਆ।

ਗੁਰੂ ਜੀ ਦੇ ਬੰਦੀਖ਼ਾਨੇ ਵਿਚ ਆਉਣ ਤੋਂ ਪਹਿਲਾਂ ਸਾਰੇ ਬੰਦੀ ਰੋ ਰਹੇ ਸਨ। ਉਨ੍ਹਾਂ ਦਾ ਰੋਣਾ ਬਣਦਾ ਵੀ ਸੀ, ਜਦੋਂ ਉਨ੍ਹਾਂ ਦੇ ਪਿਆਰੇ ਉਨ੍ਹਾਂ ਦੇ ਸਾਹਮਣੇ ਕਤਲ ਕੀਤੇ ਗਏ, ਉਨ੍ਹਾਂ ਦੇ ਘਰ ਲੁੱਟੇ ਗਏ ਅਤੇ ਉਨ੍ਹਾਂ ਨੂੰ ਜਬਰੀ ਆਟਾ ਪੀਸਣ ਲਈ ਦੇ ਦਿੱਤਾ ਗਿਆ। ਗੁਰੂ ਜੀ ਨੇ ਬੰਦੀਆਂ ਨੂੰ ਰੋਂਦੇ ਦੇਖ ਕੇ ਇਕ ਸ਼ਬਦ ਉਚਾਰਿਆ, ਜਿਸ ਨਾਲ ਉਨ੍ਹਾਂ ਨੂੰ ਸ਼ਾਂਤੀ ਮਿਲੀ ਅਤੇ ਉਨ੍ਹਾਂ ਰੋਣਾ ਬੰਦ ਕਰ ਦਿੱਤਾ। ਉਨ੍ਹਾਂ ਨੂੰ ਗਿਆਨ ਹੋ ਗਿਆ ਕਿ ਉਹ ਪਰਮਾਤਮਾ ਨੂੰ ਭੁੱਲ ਗਏ ਸਨ ਜਿਸ ਕਾਰਨ ਉਨ੍ਹਾਂ ਦਾ ਇਹ ਬੁਰਾ ਹਾਲ ਹੋ ਰਿਹਾ ਸੀ। ਜਿਨ੍ਹਾਂ ਔਰਤਾਂ ਦੇ ਸੋਹਣੇ ਕੇਸ ਸਨ, ਸੰਧੂਰ ਪਾਇਆ ਹੋਇਆ ਸੀ, ਮਹਿਲਾਂ ਵਿਚ ਸੋਫ਼ਿਆਂ ਉੱਪਰ ਬੈਠਦੀਆਂ ਸਨ; ਉਨ੍ਹਾਂ ਦੇ ਸਿਰ, ਦਾਤਰੀਆਂ ਨਾਲ ਮੁੰਨੇ ਗਏ, ਉਹ ਜ਼ਮੀਨ ਉੱਪਰ ਬੈਠ ਕੇ ਚੱਕੀਆਂ ਚਲਾ ਰਹੀਆਂ ਸਨ। ਉਨ੍ਹਾਂ ਦੀ ਸੁੰਦਰਤਾ ਉਨ੍ਹਾਂ ਦੀ ਵੈਰੀ ਬਣ ਗਈ ਸੀ। ਜੇ ਉਨ੍ਹਾਂ ਪਹਿਲਾਂ ਪਰਮਾਤਮਾ ਨੂੰ ਯਾਦ ਕੀਤਾ ਹੁੰਦਾ ਤਾਂ ਉਨ੍ਹਾਂ ਨੂੰ ਇਹ ਬੁਰਾ ਦਿਨ ਨਾ ਦੇਖਣਾ ਪੈਂਦਾ। ਮਾਇਆ ਦੇ ਮੋਹ ਵਿਚ ਉਨ੍ਹਾਂ ਮਾਲਕ ਨੂੰ ਵਿਸਾਰ ਦਿੱਤਾ ਸੀ।

ਬਾਬਰ ਦੇ ਜਰਨੈਲ ਮੀਰ ਖ਼ਾਨ ਨੇ ਬਾਬਰ ਨੂੰ ਦੱਸਿਆ ਕਿ ਕਿਵੇਂ ਗੁਰੂ ਨਾਨਕ ਦੇ ਸ਼ਬਦ ਪੜ੍ਹਨ ਨਾਲ ਸਾਰੇ ਬੰਦੀ ਸ਼ਾਂਤ ਹੋ ਗਏ ਸਨ। ਬਾਬਰ ਨੇ ਆਪਣੇ ਅੱਖੀਂ ਜਾ ਕੇ ਬੰਦੀਖ਼ਾਨੇ ਨੂੰ ਦੇਖਿਆ ਅਤੇ ਹੁਕਮ ਕਰ ਦਿੱਤਾ ਕਿ ਗੁਰੂ ਨਾਨਕ ਨੂੰ ਛੱਡ ਦਿੱਤਾ ਜਾਵੇ। ਗੁਰੂ ਜੀ ਨੇ ਕਿਹਾ, "ਬਾਦਸ਼ਾਹ, ਮੈਂ ਇਕੱਲਾ ਬਾਹਰ ਨਹੀਂ ਜਾ ਸਕਦਾ। ਜੇ ਮੇਰੇ ਨਾਲ ਇਨ੍ਹਾਂ ਸਾਰੇ ਬੰਦੀਆਂ ਨੂੰ ਛੱਡਿਆ ਜਾਵੇ ਤਾਂ ਮੈਂ ਜਾਵਾਂਗਾ।" ਗੁਰੂ ਜੀ ਦੇ ਕਹਿਣ ਉੱਪਰ ਸਾਰੇ ਬੰਦੀਆਂ ਨੂੰ ਛੱਡ ਦਿੱਤਾ ਗਿਆ। ਬਾਬਰ ਨੇ ਖ਼ੁਸ਼ ਹੋ ਕੇ ਕਿਹਾ, "ਫ਼ਕੀਰ, ਕੁਝ ਹੋਰ ਮੰਗ ਲੈ।" ਗੁਰੂ ਜੀ ਨੇ ਉੱਤਰ ਦਿੱਤਾ, "ਇਕ ਖ਼ੁਦਾ ਦਾ ਦਿੱਤਾ ਬਹੁਤ ਕੁਝ ਹੈ। ਸਭ ਉਸਦਾ ਦਿੱਤਾ ਖਾਂਦੇ ਹਨ। ਬਾਦਸ਼ਾਹ ਉਸਦੇ ਹੀ ਬਣਾਏ ਹੋਏ ਹਨ। ਮਨੁੱਖ ਦਾ ਆਸਰਾ ਲੈਣ ਵਾਲੇ ਨੂੰ ਸਦਾ ਘਾਟਾ ਹੀ ਰਹਿੰਦਾ ਹੈ। ਜਿਹੜਾ ਤੇਰੇ ਪਾਸੋਂ ਮੰਗੇਗਾ, ਉਹ ਬੇਸਮਝ ਹੀ ਹੋਵੇਗਾ।" ਮੀਰ ਖ਼ਾਨ ਨੇ ਬਾਬਰ ਨੂੰ ਕਿਹਾ, "ਬਾਦਸ਼ਾਹ, ਫ਼ਕੀਰਾਂ ਨੂੰ ਦਿੱਤਾ ਨਹੀਂ ਜਾਂਦਾ, ਉਨ੍ਹਾਂ ਪਾਸੋਂ ਮੰਗਿਆ ਜਾਂਦਾ ਹੈ।"


ਬਾਬਰ ਦਾ ਜ਼ੁਲਮ
BARBARITY OF BABAR

Cured the Leper

One day Guru Nanak and Bhai Mardana reached a village in Tehsil Dipalpur of Montgomery district which is now in Pakistan. It was raining and night was approaching. Bhai Mardana requested Guru Nanak, "If you permit, I may go and ask if somebody agrees to give us shelter for the night. Had it not been raining, we would have spent the night in the jungle as usual."

Guru Nanak said, "Bhai Mardana, you may go and ask." Taking leave Bhai Mardana asked the people of the village. Nobody gave them shelter. Everyone refused with this argument, "Had both of you been Hindus, some Hindu would have kept you or if both of you were Muslims, a Muslim would have given you a place to stay but who will keep one Hindu and one Muslim in his house ?"

Bhai Mardana was coming back when his eyes caught sight of a hut outside the village in which a lamp was burning. Guru Nanak and Bhai Mardana reached that hut. A leper was living in that hut. He had been turned out of his house by his people, because they thought he was suffering from an incurable and infectious disease. The people from his house would give him meals in his hut and filled a pitcher of water in the hut for him to drink.

Seeing Guru Nanak enter his hut the leper said, "Do not come near me. Keep away from me. I am a leper. You will be infected by my disease." Guru Nanak paid no heed to that. He entered the hut. Bhai Mardana followed him inside. Seeing the leper in great distress, Guru Nanak recited a hymn which the leper understood.

"When God is forgotten, the mind becomes sick. When the mind is sick, diseases take root in the body. A man cries due to the sickness of the body because it can be seen and it gives discomfort and pain. The cure for these diseases is to attune the mind to God who has given hands, feet and all the parts of our body. The body had been given for service. Without service the body becomes diseased."

The illusion was lifted from leper's mind that his disease was incurable. He got up and sat down. He kept listening to Guru Nanak's teachings well into the night. When Guru Nanak went for his bath in the morning, he walked along with him. After taking a bath he felt that he had no disease. Leaving Guru Nanak and Bhai Mardana in his hut, he went to his house. The people at home wondered on seeing him walking. They asked, "Who had cured you ?" He replied, "Two fakirs who are sitting in my hut." Hearing this, the people of his house set out to look for the fakirs. The whole village followed them. When the villagers saw the fakirs, they asked forgiveness for the happening of the night before. Guru Nanak said, "I shall be pleased only if you construct an inn in the village where travellers may spend the night." The villagers agreed to it.

ਕੋਹੜੀ ਉਪਰ ਮਿਹਰ

ਇੱਕ ਦਿਨ ਗੁਰੂ ਜੀ ਅਤੇ ਭਾਈ ਮਰਦਾਨਾ, ਤਹਿਸੀਲ ਦੀਪਾਲਪੁਰ, ਜ਼ਿਲ੍ਹਾ ਮਿੰਟਗੁਮਰੀ ਦੇ ਇੱਕ ਪਿੰਡ ਪੁੱਜੇ। ਮੀਂਹ ਬਹੁਤ ਪੈ ਰਿਹਾ ਸੀ ਅਤੇ ਰਾਤ ਹੋਣ ਵਾਲੀ ਸੀ। ਭਾਈ ਮਰਦਾਨੇ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਜੇ ਆਪ ਆਗਿਆ ਦੇਵੋ ਤਾਂ ਮੈਂ ਕਿਸੇ ਨੂੰ ਪੁੱਛ ਦੇਖਾਂ ਜੋ ਸਾਨੂੰ ਰਾਤ ਕੱਟਣ ਲਈ ਕੋਈ ਥਾਂ ਦੇ ਦੇਵੇ। ਮੀਂਹ ਨਾ ਪੈਂਦਾ ਹੁੰਦਾ ਤਾਂ ਅੱਗੇ ਦੀ ਤਰ੍ਹਾਂ ਬਾਹਰ ਜੰਗਲ ਵਿਚ ਹੀ ਰਾਤ ਗੁਜ਼ਾਰ ਲੈਂਦੇ।" ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਜਾ ਪੁੱਛ ਕੇ ਦੇਖ ਲੈ।" ਭਾਈ ਮਰਦਾਨੇ ਨੇ ਆਗਿਆ ਲੈ ਕੇ ਪਿੰਡ ਦੇ ਲੋਕਾਂ ਨੂੰ ਪੁੱਛਿਆ, ਉਸਨੂੰ ਕਿਸੇ ਨੇ ਰਹਿਣ ਦੀ ਥਾਂ ਨਾ ਦਿੱਤੀ। ਸਾਰੇ ਇਹ ਕਹਿ ਕੇ ਨਾਂਹ ਕਰ ਦਿੰਦੇ, "ਦੋਵੇਂ ਹਿੰਦੂ ਹੋਵੋ ਤਾਂ ਕੋਈ ਹਿੰਦੂ ਥਾਂ ਦੇ ਦੇਵੇ, ਜਾਂ ਦੋਵੇਂ ਮੁਸਲਮਾਨ ਹੋਵੋ ਤਾਂ ਕੋਈ ਮੁਸਲਮਾਨ ਰੱਖ ਲਵੇ ਪਰ ਇੱਕ ਹਿੰਦੂ ਅਤੇ ਦੂਜਾ ਮੁਸਲਮਾਨ, ਇਨ੍ਹਾਂ ਨੂੰ ਘਰ ਵਿਚ ਕੌਣ ਰਖੇ ?" ਭਾਈ ਮਰਦਾਨਾ ਵਾਪਸ ਮੁੜਿਆ ਆ ਰਿਹਾ ਸੀ ਕਿ ਉਸਦੀ ਨਿਗਾਹ ਪਿੰਡ ਤੋਂ ਬਾਹਰ ਇੱਕ ਝੁੱਗੀ ਵੱਲ ਗਈ ਜਿਸ ਵਿਚ ਦੀਵਾ ਜਗ ਰਿਹਾ ਸੀ।

ਗੁਰੂ ਜੀ ਅਤੇ ਭਾਈ ਮਰਦਾਨਾ ਉਸ ਝੁੱਗੀ ਪਾਸ ਪੁੱਜੇ। ਉਸ ਝੁੱਗੀ ਵਿਚ ਇੱਕ ਕੋਹੜੀ ਰਹਿੰਦਾ ਸੀ। ਉਸਨੂੰ ਘਰ ਵਾਲਿਆਂ ਨੇ ਪੱਕਾ ਰੋਗੀ, ਕਦੇ ਨਾ ਠੀਕ ਹੋਣ ਵਾਲਾ ਸਮਝ ਕੇ ਘਰੋਂ ਬਾਹਰ ਕੱਢ ਦਿੱਤਾ ਸੀ। ਉਸਨੂੰ ਸਵੇਰ ਅਤੇ ਸ਼ਾਮ ਦਾ ਖਾਣਾ ਉਸਦੀ ਝੁੱਗੀ ਵਿਚ ਹੀ ਉਸਦੇ ਘਰ ਵਾਲੇ ਦੇ ਜਾਂਦੇ ਅਤੇ ਇੱਕ ਪਾਣੀ ਦਾ ਘੜਾ ਭਰ ਕੇ ਉਸ ਲਈ ਰੱਖ ਜਾਂਦੇ। ਗੁਰੂ ਜੀ ਨੂੰ ਝੁੱਗੀ ਅੰਦਰ ਦਾਖ਼ਲ ਹੁੰਦਾ ਦੇਖ ਕੇ ਉਸ ਕੋਹੜੀ ਨੇ ਕਿਹਾ, "ਮੇਰੇ ਪਾਸ ਨਾ ਆਉਣਾ। ਮੇਰੇ ਪਾਸੋਂ ਦੂਰ ਰਹੋ। ਮੈਂ ਕੋਹੜੀ ਹਾਂ। ਮੇਰੀ ਬੀਮਾਰੀ ਤੁਹਾਨੂੰ ਲੱਗ ਜਾਵੇਗੀ।" ਗੁਰੂ ਜੀ ਨੇ ਉਸ ਕੋਹੜੀ ਦੇ ਕਹਿਣ ਦੀ ਕੋਈ ਪ੍ਰਵਾਹ ਨਾ ਕੀਤੀ। ਝੁੱਗੀ ਦੇ ਅੰਦਰ ਚਲੇ ਗਏ। ਉਨ੍ਹਾਂ ਦੇ ਪਿੱਛੇ ਪਿੱਛੇ ਭਾਈ ਮਰਦਾਨਾ ਵੀ ਅੰਦਰ ਲੰਘ ਗਿਆ।

ਗੁਰੂ ਜੀ ਨੇ ਕੋਹੜੀ ਨੂੰ ਬਹੁਤ ਦੁਖੀ ਦੇਖ ਕੇ ਇਕ ਸ਼ਬਦ ਉਚਾਰਿਆ ਜਿਸਦੀ ਉਸਨੂੰ ਸਮਝ ਪੈ ਗਈ। "ਜਦੋਂ ਪਰਮਾਤਮਾ ਵਿਸਰ ਜਾਵੇ ਤਾਂ ਮਨ ਰੋਗੀ ਹੋ ਜਾਂਦਾ ਹੈ। ਮਨ ਰੋਗੀ ਹੋਣ ਨਾਲ ਸਰੀਰ ਵਿਚ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ। ਸਰੀਰ ਦੇ ਦੁੱਖਾਂ ਨਾਲ ਆਦਮੀ ਰੋਂਦਾ ਹੈ ਕਿਉਂਕਿ ਇਹ ਬਾਹਰੋਂ ਨਜ਼ਰ ਆਉਂਦੇ ਹਨ ਅਤੇ ਦੁੱਖ ਦਿੰਦੇ ਹਨ। ਇਨ੍ਹਾਂ ਬੀਮਾਰੀਆਂ ਦਾ ਇਲਾਜ, ਮਨ ਨੂੰ ਉਸ ਨਾਲ ਜੋੜਨਾ ਹੈ ਜਿਸਨੇ ਹੱਥ, ਪੈਰ, ਅੱਖਾਂ ਆਦਿ ਦਿੱਤੀਆਂ ਹਨ। ਸਰੀਰ ਸੇਵਾ ਲਈ ਦਿੱਤਾ ਹੈ। ਸੇਵਾ ਕਰਨ ਤੋਂ ਬਿਨਾਂ ਸਰੀਰ ਰੋਗੀ ਹੋ ਜਾਂਦਾ ਹੈ।" ਉਸਦੇ ਮਨ ਦਾ ਭੁਲੇਖਾ ਦੂਰ ਹੋ ਗਿਆ ਕਿ ਉਹ ਪੱਕਾ ਰੋਗੀ ਸੀ। ਉਹ ਉੱਠ ਕੇ ਬੈਠ ਗਿਆ। ਬਹੁਤ ਰਾਤ ਗਈ ਤਕ ਗੁਰੂ ਜੀ ਦੀ ਸਿੱਖਿਆ ਸੁਣਦਾ ਰਿਹਾ। ਸਵੇਰੇ ਗੁਰੂ ਜੀ ਇਸ਼ਨਾਨ ਕਰਨ ਜਾਣ ਲੱਗੇ ਤਾਂ ਉਹ ਨਾਲ ਉੱਠ ਤੁਰਿਆ। ਖੂਹ ਉੱਪਰ ਇਸ਼ਨਾਨ ਕਰਨ ਪਿੱਛੋਂ ਉਸਨੂੰ ਲੱਗਾ ਕਿ ਜਿਵੇਂ ਉਸਨੂੰ ਕੋਈ ਬੀਮਾਰੀ ਨਹੀਂ।

ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਉਹ ਝੁੱਗੀ ਵਿਚ ਬਿਠਾ ਕੇ ਆਪਣੇ ਘਰ ਚਲਿਆ ਗਿਆ। ਉਸ ਦੇ ਘਰ ਵਾਲੇ ਉਸ ਨੂੰ ਤੁਰਦਾ ਫਿਰਦਾ ਦੇਖ ਕੇ ਬਹੁਤ ਹੈਰਾਨ ਹੋਏ। ਉਨ੍ਹਾਂ ਪੁੱਛਿਆ, "ਤੈਨੂੰ ਕਿਸ ਨੇ ਠੀਕ ਕੀਤਾ ਹੈ ?" ਉਸਨੇ ਉੱਤਰ ਦਿੱਤਾ, "ਮੇਰੀ ਝੁੱਗੀ ਵਿਚ ਦੋ ਫ਼ਕੀਰ ਬੈਠੇ ਹਨ ਉਨ੍ਹਾਂ ਮੈਨੂੰ ਠੀਕ ਕੀਤਾ ਹੈ।" ਇਹ ਸੁਣ ਕੇ ਘਰ ਵਾਲੇ ਫ਼ਕੀਰਾਂ ਨੂੰ ਦੇਖਣ ਤੁਰ ਪਏ। ਘਰ ਵਾਲਿਆਂ ਦੇ ਪਿੱਛੇ ਪਿੱਛੇ ਸਾਰਾ ਪਿੰਡ ਹੀ ਉਸ ਝੁੱਗੀ ਵੱਲ ਤੁਰ ਪਿਆ। ਪਿੰਡ ਵਾਲਿਆਂ ਜਦੋਂ ਫ਼ਕੀਰਾਂ ਨੂੰ ਦੇਖਿਆ ਤਾਂ ਆਪਣੀ ਰਾਤ ਵਾਲੀ ਭੁੱਲ ਦੀ ਖਿਮਾ ਮੰਗੀ। ਗੁਰੂ ਜੀ ਨੇ ਕਿਹਾ, "ਮੈਂ ਤੁਸਾਂ ਉੱਪਰ ਤਾਂ ਪ੍ਰਸੰਨ ਹੋਵਾਂਗਾ ਜੇ ਤੁਸੀਂ ਇਸ ਪਿੰਡ ਵਿਚ ਇੱਕ ਸਰਾਂਅ ਬਣਾਉਗੇ ਜਿੱਥੇ ਕਿ ਰਾਹੀ ਰਾਤ ਕੱਟ ਸਕਣ।" ਪਿੰਡ ਵਾਲਿਆਂ ਇਹ ਮੰਨ ਲਿਆ।


ਕੋੜੀ ਉਪਰ ਮਿਹਰ
CURED THE LEPER

Merger in God

When Guru Nanak was seventy, he thought it important to continue the task of showing people the way out of darkness. For this service, Guru Nanak tested some of his Sikhs, including his sons, so that his followers would not feel that they had been deceived. Out of his followers Guru Nanak considered Bhai Lehna to be most suitable. Guru Nanak renamed him Angad—part of his own body and handed over to him the leadership of Sikhs.

On the seventh September 1539 A.D., Guru Nanak told the congregation that the time had come for him to merge in God. All Sikhs should consider Guru Angad his successor. "There is no difference between me and Guru Angad." Giving this message to the congregation, Guru Nanak lay down and covered himself with a sheet. The news that Guru Nanak had merged with God, spread all over the city of Kartarpur. His house was filled with Sikhs. Guru Nanak's Sikhs were not only Hindus but also Muslims. For Guru Nanak, no one was a Hindu or a Muslim. All were the creation of one God. As such it was essential for all to consider him a guide who showed the true path. A debate started among them for the dead body of Guru Nanak. Hindus said, "We shall cremate the body of Guru Nanak." On the other hand Muslims said, "Guru Nanak was our spiritual guide. We shall bury his body according to our custom and construct a tomb over it."

So, when Guru Nanak passed away, there arose a conflict of the very type which he had devoted his life to ending. Neither party had come to any conclusion, when a saint came from outside for Guru Nanak's audience. He advised those who were quarrelling, "Please first see below this sheet whether Guru Nanak's body is here or not. You are fighting among yourselves without even seeing the body." Listening to the advice of the saint, they lifted the sheet and found some flowers lying there. Those who were quarrelling, fell silent on seeing the flowers. The body of Guru Nanak had merged with the five elements from which it had been created.

The quarrelling Hindus and Muslims divided the flowers in halves and tore the sheet that Guru Nanak had covered himself with, in two pieces. To carry on the traditions and customs of their respective faiths, the Hindus cremated the flowers and the sheet. They also constructed a monumental stone over it to worship. The Muslims buried the flowers and the sheet and erected a tomb on the bank of the river Ravi near the Hindu monumental stone. Both began to worship the stones, a practice which Guru Nanak had urged them to abandon. God did not want it that way. The water of the river Ravi washed both of these away. All traces of the monument and the tomb have disappeared.


ਜੋਤੀ ਜੋਤ ਸਮਾਉਣਾ

ਗੁਰੂ ਜੀ ਨੂੰ ਜਦੋਂ ਸੱਤਰ ਸਾਲ ਦੇ ਹੋ ਗਏ ਤਦ ਵੀ ਉਨ੍ਹਾਂ ਦੁਨੀਆਂ ਨੂੰ ਹਨੇਰੇ ਵਿੱਚੋਂ ਕੱਢਣ ਦਾ ਕਾਰਜ ਚਾਲੂ ਰਖਣਾ ਜ਼ਰੂਰੀ ਸਮਝਿਆ। ਇਸ ਸੇਵਾ ਲਈ, ਗੁਰੂ ਜੀ ਨੇ ਆਪਣੇ ਸਿੱਖਾਂ ਦੇ ਮਨਾਂ ਵਿੱਚੋਂ ਭੁਲੇਖਾ ਦੂਰ ਕਰਨ ਲਈ ਕਿ ਉਨ੍ਹਾਂ ਨਾਲ ਕੋਈ ਧੋਖਾ ਨਹੀਂ ਹੋਇਆ, ਆਗੂ ਸਿੱਖਾਂ ਨੂੰ ਪਰਖਿਆ। ਉਨ੍ਹਾਂ ਸਿੱਖਾਂ ਵਿਚ ਉਨ੍ਹਾਂ ਦੇ ਦੋਵੇਂ ਪੁੱਤਰ ਵੀ ਸਨ। ਸਾਰਿਆਂ ਸਿੱਖਾਂ ਵਿੱਚੋਂ ਗੁਰੂ ਜੀ ਨੇ ਭਾਈ ਲਹਿਣੇ ਨੂੰ ਇਸ ਸੇਵਾ ਦੇ ਯੋਗ ਸਮਝਿਆ, ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣਾ ਅੰਗ ਬਣਾ ਕੇ ਸਿੱਖੀ ਦੀ ਵਾਗਡੋਰ ਸੌਂਪ ਦਿੱਤੀ।

7 ਸਤੰਬਰ, 1539 ਈ. ਨੂੰ ਗੁਰੂ ਜੀ ਨੇ ਇਕੱਠੀ ਹੋਈ ਸੰਗਤ ਨੂੰ ਦੱਸਿਆ ਕਿ ਉਨ੍ਹਾਂ ਦਾ ਪਰਮਾਤਮਾ ਨਾਲ ਅਭੇਦ ਹੋਣ ਦਾ ਸਮਾਂ ਆ ਗਿਆ ਸੀ। ਸਾਰਿਆਂ ਸਿੱਖਾਂ ਗੁਰੂ ਅੰਗਦ ਨੂੰ ਉਨ੍ਹਾਂ ਦਾ ਦੂਜਾ ਰੂਪ ਸਮਝਣਾ। ਗੁਰੂ ਅੰਗਦ (ਭਾਈ ਲਹਿਣਾ) ਅਤੇ ਉਨ੍ਹਾਂ ਵਿਚ ਕੋਈ ਅੰਤਰ ਨਹੀਂ। ਇਸ ਤਰ੍ਹਾਂ ਦਾ ਸੁਨੇਹਾ ਦੇ ਕੇ ਗੁਰੂ ਨਾਨਕ ਦੇਵ ਜੀ ਇਕ ਚਾਦਰ ਲੈ ਕੇ ਲੇਟ ਗਏ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਸਾਰੇ ਕਰਤਾਰਪੁਰ ਵਿਚ ਫ਼ੈਲ ਗਈ। ਉਨ੍ਹਾਂ ਦਾ ਘਰ ਸਿੱਖ ਸੰਗਤਾਂ ਨਾਲ ਭਰ ਗਿਆ। ਗੁਰੂ ਜੀ ਦੇ ਸਿੱਖ ਜਿੱਥੇ ਹਿੰਦੂ ਸਨ, ਉੱਥੇ ਮੁਸਲਮਾਨ ਵੀ ਸਨ। ਗੁਰੂ ਜੀ ਲਈ ਨਾ ਕੋਈ ਹਿੰਦੂ ਸੀ ਅਤੇ ਨਾ ਕੋਈ ਮੁਸਲਮਾਨ, ਸਾਰੇ ਉਸ ਇਕ ਮਾਲਕ ਦੇ ਪੈਦਾ ਕੀਤੇ ਹੋਏ ਹਨ। ਇਸ ਕਰਕੇ ਸਾਰਿਆਂ ਲਈ ਉਨ੍ਹਾਂ ਨੂੰ ਇਕ ਸੱਚਾ ਰਸਤਾ ਦਿਖਾਉਣ ਵਾਲਾ ਆਗੂ ਮੰਨਣਾ ਜ਼ਰੂਰੀ ਸੀ। ਉਨ੍ਹਾਂ ਵਿਚ ਗੁਰੂ ਜੀ ਦੇ ਮਿਰਤਕ ਸਰੀਰ ਉੱਪਰ ਬਹਿਸ ਸ਼ੁਰੂ ਹੋ ਗਈ। ਹਿੰਦੂ ਕਹਿਣ ਲੱਗੇ, "ਅਸੀਂ ਗੁਰੂ ਜੀ ਦੇ ਸਰੀਰ ਦਾ ਸਸਕਾਰ ਕਰਨਾ ਹੈ।" ਦੂਜੇ ਪਾਸੇ ਮੁਸਲਮਾਨ ਕਹਿਣ ਲੱਗੇ, "ਗੁਰੂ ਜੀ ਸਾਡੇ ਪੀਰ ਸਨ। ਅਸੀਂ ਇਨ੍ਹਾਂ ਦੇ ਸਰੀਰ ਨੂੰ ਆਪਣੀ ਰੀਤੀ ਨਾਲ ਦਫ਼ਨ ਕਰਨਾ ਹੈ ਅਤੇ ਉਸ ਉੱਪਰ ਕਬਰ ਬਣਾਉਣੀ ਹੈ।"

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉੱਪਰ ਵੀ ਉਹ ਝਗੜਾ ਪੈ ਗਿਆ, ਜਿਸ ਨੂੰ ਖ਼ਤਮ ਕਰਨ ਲਈ ਉਨ੍ਹਾਂ ਆਪਣਾ ਸਾਰਾ ਜੀਵਨ ਲਗਾ ਦਿੱਤਾ ਸੀ। ਅਜੇ ਦੋਵੇਂ ਧਿਰਾਂ ਕਿਸੇ ਫ਼ੈਸਲੇ ਉੱਪਰ ਨਹੀਂ ਸਨ ਪੁੱਜੀਆਂ ਕਿ ਬਾਹਰੋਂ ਇਕ ਸੰਤ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਉਸ ਨੇ ਝਗੜਾ ਕਰਨ ਵਾਲਿਆਂ ਨੂੰ ਸਲਾਹ ਦਿੱਤੀ, "ਤੁਸੀਂ ਪਹਿਲਾਂ ਇਸ ਚਾਦਰ ਦੇ ਥੱਲੇ ਦੇਖ ਲਵੋ, ਗੁਰੂ ਜੀ ਦਾ ਸਰੀਰ ਏਥੇ ਹੈ ਜਾਂ ਨਹੀਂ। ਤੁਸੀਂ ਸਰੀਰ ਦੇਖਣ ਤੋਂ ਬਿਨਾਂ ਹੀ ਆਪਸ ਵਿਚ ਝਗੜੀ ਜਾ ਰਹੇ ਹੋ।" ਸਾਰਿਆਂ ਨੇ ਸੰਤ ਦੀ ਸਲਾਹ ਮੰਨ ਕੇ ਚਾਦਰ ਚੁੱਕ ਕੇ ਦੇਖਿਆ ਤਾਂ ਕੁਝ ਫੁੱਲ ਪਏ ਸਨ। ਫੁੱਲ ਦੇਖ ਕੇ ਝਗੜਾ ਕਰਨ ਵਾਲੇ ਚੁੱਪ ਕਰ ਗਏ। ਗੁਰੂ ਜੀ ਦਾ ਸਰੀਰ ਜਿਹੜੇ ਪੰਜ ਤੱਤਾਂ ਤੋਂ ਪੈਦਾ ਹੋਇਆ ਸੀ ਉਨ੍ਹਾਂ ਵਿਚ ਵਾਪਸ ਸਮਾ ਗਿਆ ਸੀ।

ਝਗੜਾ ਕਰਨ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਫੁੱਲ ਅੱਧੇ ਅੱਧੇ ਕਰ ਲਏ ਅਤੇ ਉਹ ਚਾਦਰ ਜਿਹੜੀ ਗੁਰੂ ਜੀ ਉੱਪਰ ਲੈ ਕੇ ਪਏ ਸਨ, ਉਸਨੂੰ ਵੀ ਦੋ ਟੁਕੜਿਆਂ ਵਿਚ ਵੰਡ ਲਿਆ। ਆਪਣੇ ਧਰਮ ਦੇ ਰੀਤੀ-ਰਿਵਾਜਾਂ ਦੀ ਪੂਰਤੀ ਲਈ, ਉਨ੍ਹਾਂ ਗੁਰੂ ਜੀ ਦੇ ਫੁੱਲਾਂ ਅਤੇ ਚਾਦਰ ਦੀਆਂ ਵੀ ਵੰਡੀਆਂ ਪਾ ਲਈਆਂ। ਹਿੰਦੂਆਂ ਨੇ ਅੱਧੀ ਚਾਦਰ ਅਤੇ ਅੱਧੇ ਫੁੱਲਾਂ ਦਾ ਆਪਣੇ ਰਵਾਜ ਅਨੁਸਾਰ ਸਸਕਾਰ ਕਰ ਦਿੱਤਾ ਅਤੇ ਉੱਪਰ ਇਕ ਸਮਾਧ ਬਣਾ ਦਿੱਤੀ। ਮੁਸਲਮਾਨਾਂ ਨੇ ਆਪਣੇ ਹਿੱਸੇ ਦੀ ਚਾਦਰ ਅਤੇ ਫੁੱਲ ਦਬਾ ਕੇ ਰਾਵੀ ਦੇ ਕੰਢੇ ਕਬਰ ਬਣਾ ਦਿੱਤੀ। ਦੋਹਾਂ ਨੇ ਉਨ੍ਹਾਂ ਪੱਥਰਾਂ ਨੂੰ ਫਿਰ ਪੂਜਣਾ ਸ਼ੁਰੂ ਕਰ ਦਿੱਤਾ ਜਿਸ ਤੋਂ ਗੁਰੂ ਜੀ ਨੇ ਮਨ੍ਹਾ ਕੀਤਾ ਸੀ। ਪਰਮਾਤਮਾ ਨੂੰ ਇਹ ਮਨਜ਼ੂਰ ਨਹੀਂ ਸੀ। ਰਾਵੀ ਦਾ ਪਾਣੀ ਦੋਹਾਂ ਨੂੰ ਰੋੜ੍ਹ ਕੇ ਲੈ ਗਿਆ। ਉਸ ਸਮਾਧ ਅਤੇ ਕਬਰ ਦੇ ਨਿਸ਼ਾਨ ਤਕ ਖ਼ਤਮ ਕਰ ਦਿੱਤੇ।


ਜੋਤੀ ਜੋਤ ਸਮਾਉਣਾ
MERGER IN GOD